# ਸੂਰਜ ਤੇ ਕਹਿਕਸ਼ਾਂ

ਸੁਖਪਾਲਵੀਰ ਸਿੰਘ ਹਸਰਤ

**ਭਾਸ਼ਾ ਵਿਭਾਗ, ਪੰਜਾਬ**

## Suraj Te Kehakshan (in Punjabi)

Sukhpalvir Singh Hasrat

**ਸੂਰਜ ਤੇ ਕਹਿਕਸ਼ਾਂ**

ਸੁਖਪਾਲਵੀਰ ਸਿੰਘ ਹਸਰਤ

© ਭਾਸ਼ਾ ਵਿਭਾਗ, ਪੰਜਾਬ

ਪਹਿਲੀ ਵਾਰ : 1991 (ਪੇਪਰ ਬੈਕ ਐਡੀਸ਼ਨ)

ਕਾਪੀਆਂ : 2000

ਮੁੱਲ : 6-00 ਰੁਪਏ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਛਾਪਕ : ਪ੍ਰੇਰਨਾ ਪ੍ਰਿੰਟਿੰਗ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ)

ਰਾਹੀਂ : ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਪੰਜਾਬੀ ਦਾ ਮਿਆਰੀ ਸਾਹਿਤ ਆਮ ਪਾਠਕਾਂ ਤਕ ਵਾਜਬੀ ਕੀਮਤ ਤੇ ਮੁਹੱਈਆ ਕਰਨ ਹਿਤ ਵਿਭਾਗ ਵਲੋਂ ਪੇਪਰ ਬੈਕ ਸੀਰੀਜ਼ ਅਧੀਨ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਵੱਧ ਤੋਂ ਵੱਧ ਪੰਜਾਬੀ ਸਾਹਿਤ ਰਸੀਏ ਇਸ ਤੋਂ ਲਾਭ ਉਠਾ ਸਕਣ । ਹੱਥਲੀ ਪੁਸਤਕ 'ਸੂਰਜ ਤੇ ਕਹਿਕਸ਼ਾਂ' ਇਸੇ ਲੜੀ ਦੀ ਇਕ ਕੜੀ ਹੈ।

ਸ੍ਰ. ਸੁਖਪਾਲਵੀਰ ਸਿੰਘ ਹਸਰਤ ਪੰਜਾਬੀ ਸਾਹਿਤ ਜਗਤ ਦੇ ਜਾਣੇ ਪਛਾਣੇ ਵਿਅਕਤੀ ਹਨ ਅਤੇ ਕਵਿਤਾ ਦੇ ਪਿੜ ਵਿਚ ਉਨ੍ਹਾਂ ਦਾ ਨਵੇਕਲਾ ਤੇ ਵਿਸ਼ੇਸ਼ ਸਥਾਨ ਹੈ । ਆਪ ਦੀਆਂ ਕਵਿਤਾਵਾਂ ਵਿਚ ਪੰਜਾਬ ਦੇ ਸਾਂਝੇ ਸਭਿਆਚਾਰ ਦੀ ਗੱਲ ਹੈ। ਹਥਲੇ ਕਾਵਿ ਸੰਗ੍ਰਹਿ ਵਿਚੋਂ ਆਪ ਦੀ ਵਿਅਕਤੀਵਾਦੀ ਸ਼ਖਸੀਅਤ ਤੇ ਸ਼ਕਤੀਵਾਦ ਦਾ ਸੁਰ ਝਲਕਦਾ ਹੈ । ਹਸਰਤ ਦੀਆਂ ਕਵਿਤਾਵਾਂ ਦੀ ਇਕ ਹੋਰ ਖ਼ਾਸੀਅਤ ਇਹ ਹੈ ਕਿ ਉਹ ਆਧੁਨਿਕ-ਯੁੱਗ ਬੋਧ ਦੀ ਪ੍ਰਤੀਨਿਧਤਾ ਕਰਨ ਲਈ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਨੂੰ ਆਪਣੇ ਹੀ ਢੰਗ ਨਾਲ ਵਰਤਦਾ ਹੈ ਇਸ ਪੁਸਤਕ ਤੇ ਲੇਖਕ ਨੂੰ ਸਾਹਿਤ ਅਕਾਦਮੀ, ਦਿੱਲੀ ਦੁਆਰਾ ਪੁਰਸਕਾਰ ਵੀ ਮਿਲਿਆ ਹੈ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ ।

**ਰਾਜਿੰਦਰ ਸਿੰਘ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

# ਤਤਕਰਾ


| | | |
|---|---|---|
| 1. | ਸੂਰਜ | 1 |
| 2. | ਮਹਾਂ ਮਨੁੱਖ | 2 |
| 3. | ਵੰਗਾਰ | 3 |
| 4. | ਅਗਨ ਸਰੋਵਰ | 5 |
| 5. | ਕਲਾ | 6 |
| 6. | ਇਕ ਸ਼ਹਿਰ ਦੇ ਨਾਂ | 8 |
| 7. | ਇਹ ਦੁਨੀਆ | 10 |
| 8. | ਆਜ਼ਾਦ ਮਨੁਖ | 10 |
| 9. | ਤਾਰਿਆਂ ਨਾਲ ਨੱਚਣਾ | 10 |
| 10. | ਦੁਖ ਤੇ ਸੁਖ | 11 |
| 11. | ਬੇਗਾਨਾ ਘਰ | 11 |
| 12. | ਵਰਖਾ | 12 |
| 13. | ਮਹਿਕ ਅਨੂਠੀ | 12 |
| 14. | ਲਹਿਰਾਂ ਦੇ ਵਾਸੀ | 14 |
| 15. | ਨੀਚੋਂ ਊਚ | 14 |
| 16. | ਛਲਾਵਾ | 15 |
| 17. | ਗ਼ਮ | 15 |
| 18. | ਰੋਜ਼ ਗਾਰਡਨ | 16 |
| 19. | ਸੰਦਲੀ ਸਬਾਬ | 17 |
| 20. | ਸਦੀਵੀ ਪ੍ਰਸ਼ਨ | 17 |
| 21. | ਐਮਰਜੈਂਸੀ | 17 |

| | | |
|---|---|---|
| 22. | ਮਿਲਾਪ | 18 |
| 23. | ਜੁਗ ਕਵੀ ਨੂੰ | 19 |
| 24. | ਇਕ ਝਾਕੀ | 20 |
| 25. | ਤਾਰਿਆਂ 'ਚ ਰਹਿਣ ਵਾਲੀਏ | 20 |
| 26. | ਉਹ ਮੁਟਿਆਰ | 21 |
| 27. | ਯਾਦ | 22 |
| 28. | ਤੂੰ | 23 |
| 29. | ਮੈਂ | 23 |
| 30. | ਇਕ ਨੀਝ | 24 |
| 31. | ਸੂਰਜ ਤੇ ਕਹਿਕਸ਼ਾਂ | 24 |
| 32. | ਇਕ ਬਿਰਧ ਮਨੁੱਖ ਦਾ ਆਤਮ ਕਥਨ | 25 |
| 33. | ਵਿਸਾਖੀ | 26 |
| 34. | ਜਨਮ ਭੂਮੀ ਨੂੰ | 28 |
| 35. | ਨਵਾਂ ਸਾਲ | 29 |
| 36. | ਮੋਹਨ ਸਿੰਘ | 30 |
| 37. | ਰੂਪ ਦੇ ਹੰਝੂ | 31 |
| 38. | ਸੂਰਜੀ ਰੰਗ | 31 |
| 39. | ਮਹਾਨ ਲੈਨਿਨ | 32 |
| 40. | ਪੰਜਾਬ | 33 |
| 41. | ਗੁਰੂ ਤੇਗ਼ ਬਹਾਦਰ | 36 |
| 42. | ਅੰਮ੍ਰਿਤਸਰ | 37 |
| 43. | ਫਿਰ ਕੁਰੂਕਸ਼ੇਤਰ ਵਿਚ | 39 |
| 44. | ਦੁਨੀਆ | 40 |
| 45. | ਸਰਬਕਾਲ | 41 |

| | | |
|---|---|---|
| 46. | ਤੁਰੇ ਹਨ ਕਾਫ਼ਲੇ ਵਾਲੇ | 42 |
| 47. | ਇਹ ਹਿੰਦ ਦੇਸ਼ ਸਾਡਾ | 43 |
| 48. | ਇਕ ਸੂਹਾ ਗੁਲਾਬ ਦਾ ਫੁੱਲ ਜੇਹਾ | 45 |
| 49. | ਨਵਾਂ ਮਨੁੱਖ | 46 |
| 50. | ਚੁਪ ਦੀ ਆਵਾਜ਼ | 46 |
| 51. | ਸ਼ਬਦ | 47 |
| 52. | ਮੇਰਾ ਘਰ | 48 |
| 53. | ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਓਂ | 49 |
| ਗ਼ਜ਼ਲਾਂ | | 50-58 |
| ਗੀਤ | | 59-64 |

# ਸੂਰਜ

ਸੂਰਜ ਸੂਰਜ ਸਾਰੀ ਹਸਤੀ
ਸੂਰਜ ਤੋਂ ਖ਼ੁਸ਼ਬੋਈ ।
ਸੂਰਜ ਤੋਂ ਰੰਗਾਂ ਦੀ ਲੀਲ੍ਹਾ
ਜਿਸ ਤੋਂ ਅਗਨ ਨਰੋਈ।
ਸੂਰਜ ਦੀ ਸ੍ਰਿਸ਼ਟੀ ਦੇ ਅੰਦਰ
ਲੱਖਾਂ ਤਾਰਾਂ-ਮਣੀਆਂ,
ਸੂਰਜ ਦੇ ਮਸਤਕ ਦੇ ਉਤੇ
ਲੱਖ ਕਰੋੜ ਬਿਜਲੀਆਂ !
ਸੂਰਜ ਤੋਂ ਜੀਵਨ ਪਿਆ ਮੌਲੇ
ਸੂਰਜ ਤੋਂ ਕੁੱਲ ਰੁੱਤਾਂ,
ਸੂਰਜ ਹੈ ਇਕ ਫੁਲ ਉਨਾਭੀ
ਜਿਸਨੂੰ ਪੂਜਿਆ 'ਬੁੱਤਾਂ' !
ਮੇਰੇ ਲਈ ਸੂਰਜ ਹੀ ਦੁਨੀਆਂ
ਸੂਰਜ ਮਿਰੀ ਜਵਾਨੀ,
ਸੂਰਜ ਤੋਂ ਤਕਦੀਰ ਬਦਲਦੀ
ਸੂਰਜ ਸ਼ਕਤ, ਭਵਾਨੀ !
ਸੂਰਜ ਸੁਹਜ, ਸੁਹੱਪਣ ਜਜ਼ਬਾ
ਸੂਰਜ ਪਿਆਰ ਕਹਾਣੀ,
ਸੂਰਜ ਦੇ ਮਸਤਕ 'ਚੋਂ ਪੀਂਦੇ।
ਮਰਦ ਜੁੱਗਾਂ ਤੋਂ ਪਾਣੀ !
ਸੂਰਜ ਤੋਂ ਕੇਸਰ ਦੀਆਂ ਨਦੀਆਂ
ਕਾਂਗਾਂ ਬਣਕੇ ਤੁਰੀਆਂ,
ਮੇਰੇ ਲਈ ਅਜ ਕ੍ਰੋੜ ਸੁਗੰਧਾਂ
ਲਪਟਾਂ ਬਣਕੇ ਖੁਰੀਆਂ !!

## ਮਹਾਂ ਮਨੁੱਖ

ਗਲ ਹਾਰ ਤਾਰਿਆਂ ਵਾਲਾ ਹੈ
ਸਿਰ ਉਤੇ ਚੰਨ ਦਾ ਹਾਲਾ ਹੈ
ਮੱਥੇ ਵਿਚ ਸੂਰਜ ਲਿਸ਼ਕ ਰਿਹਾ
ਸੀਨੇ ਵਿਚ ਅਣਖਾਂ ਕਹਿਰ ਦੀਆਂ।
ਇਕ ਸੁਹਜ ਦੀ ਆਭਾ ਲਾਸਾਨੀ
ਨੈਣਾਂ ਵਿਚ ਮਸਤੀ ਲਾਫ਼ਾਨੀ
ਇਕ ਪਿਆਰ ਦਾ ਸਾਗਰ ਸ਼ੂਕ ਰਿਹਾ
ਬੇਅੰਤ ਬਹਾਰਾਂ ਲਹਿਰਦੀਆਂ।
ਇਕ ਮੀਂਹ ਮਹਿਕਾਂ ਦਾ ਵਰ੍ਹੇ ਪਿਆ।
ਇਕ ਸੱਚ ਦਾ ਸੋਮਾ ਝਰੇ ਪਿਆ
ਰੰਗਾਂ ਦਾ ਇਕ ਦਰਿਆ ਵਗਦਾ
ਵਿਚ ਲੱਖਾਂ ਪਰੀਆਂ ਤੈਰਦੀਆਂ ।
ਇਕ ਅਗਨੀ ਹੈ ਪ੍ਰਚੰਡ ਜਹੀ
ਇਕ ਮੂਰਤ ਸਹਿਜ ਅਨੰਦ ਜਹੀ
ਹਰ ਦਿਲ ਵਿਚ ਉਸ ਦੀ ਮਹਿਕ ਜਹੀ
ਪ੍ਰੀਤਾਂ ਜਿਉਂ ਪਹਿਲੇ ਪਹਿਰ ਦੀਆਂ !
ਉਹ ਰਿਸ਼ਮਾਂ ਦਾ ਅਸਵਾਰ ਜਿਹਾ
ਏਸੇ ਲਈ ਕਾਲ ਤੋਂ ਬਾਹਰ ਰਿਹਾ
ਕੁਲ ਖ਼ਬਰਾਂ ਉਸ ਤੋਂ ਪਹੁੰਚਦੀਆਂ
ਅਰਸ਼ਾਂ ਤੋਂ ਪਰਲੇ ਸ਼ਹਿਰ ਦੀਆਂ !!
ਉਹ ਗਿਆਨ ਦਾ ਹੈ ਭੰਡਾਰ ਜਿਹਾ
ਉਸਦਾ ਨਾ ਪਾਰਾਵਾਰ ਜਿਹਾ,
ਉਸਦੀ ਦ੍ਰਿਸ਼ਟੀ ਅੰਮ੍ਰਿਤ ਕਰਦੀ
ਲੱਖਾਂ ਹੀ ਨਦੀਆਂ ਜ਼ਹਿਰ ਦੀਆਂ!

## ਵੰਗਾਰ

ਛਿਜਦੇ ਜਾਂਦੇ ਜਿਸਮ
ਤੇ ਉਮਰਾਂ ਢਲ ਰਹੀਆਂ—
ਗ਼ਮ ਦੇ ਵਹਿਣਾਂ ਵਿਚ
ਹਯਾਤੀ ਖੁਰੇ ਪਈ ।

ਭੁਖ ਤੇ ਗੁਰਬਤ ਦੇ
ਭਖੜੇ ਜੋ ਚੰਬੜੇ ਨੇ
ਉਹਨਾਂ ਨੂੰ ਹੀ ਲਾਹੁੰਦੀ
ਆਯੂ ਬੀਤ ਰਹੀ।

ਪਾਟੀਆਂ ਲੀਰਾਂ ਲਾਹ ਕੇ
ਪਰ੍ਹਾਂ ਜੇ ਸੁੱਟਾਂਗੇ
ਤਾਂ ਆਵੇਗੀ ਹੁਸਨਾਂ ਦੀ
ਮਹਿਕਾਰ ਜਹੀ !

ਸਾਡਾ ਫਰਜ਼ ਕਿ
ਬਦਲ ਦਈਏ ਤਕਦੀਰਾਂ ਨੂੰ,
ਦਿਲ ਵਿਚ ਭਖਦਾ ਲਾਵਾ
ਦ੍ਰਿੜ ਵਿਸ਼ਵਾਸ ਲਈ ।

ਕੰਮ ਨਾ ਕਿਸੇ ਵੀ ਜੋਬਨ,
ਹੁਸਨ, ਜਵਾਨੀ ਇਹ,
ਜੇ ਨਾ ਚਾਰੇ ਪਾਸੇ
ਇਕ ਗੁਲਜ਼ਾਰ ਖਿੜੀ।

ਆਓ ਦੇਸ ਪੰਜਾਬ
ਮਹਾਨ ਬਣਾ ਲਈਏ
ਹਰ ਬੰਦੇ ਵਿਚ ਭਰਕੇ
ਸੂਰਜ ਦੀ ਸ਼ਕਤੀ !

## ਅਗਨ ਸਰੋਵਰ

ਅਸਾਂ ਚੰਨ ਨਾਲ ਤਨ ਨੂੰ
ਵਟਾਇਆ ਸਾਰੀ ਰਾਤ,
ਅਸਾਂ ਅੱਗ ਰਜ ਪੀਤੀ
ਜਿਦਾਂ ਰਸਾਂ ਦੀ ਪ੍ਰਾਤ ।

ਅਸਾਂ ਬੁੱਕ ਪੀਤੇ ਭਰ ਭਰ
ਸੂਰਜਾਂ ਜਹੇ-
ਇਸੇ ਲਈ ਸਾਡੇ ਚਾਨਣਾਂ ਦੀ
ਘਟੀ ਨਾ ਔਕਾਤ ।

ਅਸਾਂ ਰੰਗਾਂ ਤੇ ਸੁਗੰਧਾਂ ਨਾਲ
ਯਾਰੀ ਲਾ ਲਈ,
ਭਰੀ ਝੋਲ ਵਿਚ
ਸੁਹਜ, ਸੱਚ, ਪਿਆਰ ਦੀ ਸੁਗਾਤ!

ਅਸਾਂ ਤਾਰਿਆਂ ਨੂੰ ਆਖਿਆ
ਕਿ ਬਣੇ ਹਮਜੋਲੀ
ਜ਼ਰਾ ਸਾਡੇ ਨਾਲ ਮੇਚ ਵੇਖੋ
ਅਪਣੀ ਹਯਾਤ !

ਕਿਦੇ ਬਾਗ਼ ਦੀ ਸੁਗੰਧ
ਸਾਡੀ ਵਾਸ਼ਨਾ ਦਾ ਅੰਗ ?

ਕੁੱਲ ਸੰਦਲਾਂ, ਸੁਗੰਧੀਆਂ ਦੀ
ਹੋਂਦ ਹੋਈ ਮਾਤ !

**ਕਲਾ**

ਅਜਬ ਕੁਝ ਲੋਕ ਹਨ ਮੇਰੇ ਵਤਨ ਦੇ-
ਕਲਾ ਦੇ ਨਾਂ ਤੇ ਹਨ ਬਿਉਪਾਰ ਕਰਦੇ
ਕਲਾ ਦੇ ਨਾਂ ਤੇ ਹੀ ਵਿਭਚਾਰ ਕਰਦੇ ।
ਕਲਾ ਨੂੰ ਸਮਝਦੇ ਹੱਥ ਵਿਚ ਖਿਡਾਉਣਾ
ਕਲਾ ਜੀਕਨ ਕੋਈ ਵਕਤੀ ਪ੍ਰਾਹੁਣਾ ।
ਕਲਾ ਜਿੱਦਾਂ ਬਜ਼ਾਰੀ ਨਾਰ ਕੋਈ !
ਕਲਾ ਦੀ ਨਾ ਉਨ੍ਹਾਂ ਨੂੰ ਸਾਰ ਕੋਈ ।

(2)

ਕਲਾ ਹੈ ਅਸਲ ਵਿਚ ਦਿਲ ਦਾ ਫ਼ਸਾਨਾ
ਕਲਾ ਹੈ ਜੁਗਾਂ ਤੋਂ ਸੱਚ ਦਾ ਤਰਾਨਾ ।
ਕਲਾ ਵਿਚ ਫ਼ਲਸਫ਼ਾ ਇਤਿਹਾਸ ਵੀ ਹੈ !
ਕਲਾ ਵਿਚ ਸੁਹਜ ਦਾ ਇਹਸਾਸ ਵੀ ਹੈ !
ਕਲਾ ਵਿਚ ਸਿਮਟ ਜਾਂਦੀ ਕੁਲ ਲੁਕਾਈ
ਮਹਾਂ ਮਾਨਵ ਕਲਾ-ਮਾਰਗ ਦੇ ਰਾਹੀ !

## ਦੇਸ਼ ਪਰਾਏ

ਇਹ ਪੰਛੀ ਕਿੱਦਾਂ ਸੀ ਅੱਜ ਗਾਉਂਦੇ
ਕਿ ਖਿੜ ਪਏ ਫੁੱਲ ਹਰੇਕ ਪਗ ਤੇ
ਇਹ ਕਿਹੜੇ ਦੇਸ਼ਾਂ ਤੋਂ ਆ ਗਏ ਨੇ
ਬਹਾਰ ਡੀਕਣ ਲਈ ਸਦੀਵੀ ?
ਇਹ ਸਾਰੀ ਭੁੱਖ ਦੀ ਤਾਂ ਬੇਬਸੀ ਹੈ
ਕਿ ਰੁਲ ਕੇ ਮਰਨਾ ਪਰਾਏ ਦੇਸ਼ੀ
ਹੈ ਮਹਿਕ ਵੰਡਣੀ ਤੇ ਮਹਿਕ ਪੀਣੀ
ਅਨੂਠੀ ਸੱਧਰ ਹਰੇਕ ਜੀ ਦੀ !
ਕਦੋਂ ਬਹਾਰਾਂ ਹਮੇਸ਼ ਏਥੇ ?
ਨ ਪਤਝੜਾਂ ਨੇ ਹਮੇਸ਼ ਰਹਿਣਾ,
ਇਹ ਤਨ ਦੀ ਭੁੱਖ ਹੀ ਸਦਾ ਹੈ ਅਜ਼ਲੀ
ਇਦ੍ਹੇ 'ਚ ਰੁਲਣਾ ਤੇ ਖੁਰਕੇ ਵਹਿਣਾ ।
ਹਰੇਕ ਜੀਵਨ ਲਈ ਨੇ ਪੀੜਾਂ
ਹਰੇਕ ਜੀਵਨ ਲਈ ਨੇ ਮੋਤੀ !
ਉਦਾਸ ਭਟਕਣ 'ਚ ਉਮਰ ਬੀਤੇ
ਉਦਾਸ ਹਿੱਸਦੀ ਉਮਰ ਦੀ ਜੋਤੀ !!

## ਇਕ ਸ਼ਹਿਰ ਦੇ ਨਾਂ

(1)

ਮੈਂ ਛਡਕੇ ਭੈਣ ਭਾਈ, ਬਿਰਧ ਮਾਤਾ
ਨਿੱਘ-ਛਾਵਾਂ
ਤਿਰੀ ਝੋਲੀ ਪਿਆਂ ਰੁਜ਼ਗਾਰ ਖ਼ਾਤਰ ।

(2)

ਨ ਤੈਥੋਂ ਨਿੱਘ ਤੇ ਨਾ ਨੂਰ ਮਿਲਿਆ
ਨਾ ਮਸਤੀ ਤੇ ਖ਼ੁਸ਼ੀ ਦਾ ਜਾਮ ਘਿਰਿਆ ।
ਤਿਰੇ ਵਿਚ ਨਫ਼ਰਤਾਂ ਦੇ ਅਗਨ ਸਾਗਰ
ਤਿਰੇ 'ਤੇ ਹਸਦ ਦੀ ਵਿਹੁ ਭਰੀ ਚਾਦਰ ।
ਤਿਰੇ ਸੁੰਦਰ ਮਹੱਲ ਸਾਰੇ ਪਰਾਏ
ਤਿਰੇ ਧੌਲਰ ਨਾ ਸਾਨੂੰ ਰਾਸ ਆਏ ।
ਤਿਰੇ ਵਿਚ ਪਿਆਰ ਤੇ ਅਪਣੱਤ ਕੋਈ ਨਾ
ਤਿਰਾ ਤਾਂ ਦੋਸਤੀ ਸੰਗ ਵਾਸਤਾ ਨਾ !
ਤਿਰੇ ਵਿਚ ਵਿਰਲਾ ਹੀ ਇਨਸਾਨ ਕੋਈ
ਤਿਰੇ ਦਰ ਤੇ ਮਨੁੱਖਤਾ ਸਦਾ ਰੋਈ ।
ਤਿਰੇ ਵਿਚ ਰਾਜ ਸੱਤਾ ਦੌਲਤਾਂ ਨੇ ,
ਇਥੇ ਕਾਹਨੂੰ ਕਿਸੇ ਨੂੰ ਮੋਹਲਤਾਂ ਨੇ !

ਕੋਈ ਸਾਂਝੀ ਨਹੀਂ ਦੁਖਾਂ ਦਾ ਏਥੇ ।
ਨ ਪੁੱਛਦਾ ਹਾਲ ਕੋਈ ਰੁੱਖਾਂ ਦਾ ਏਥੇ ।
ਨ ਫੁੱਲਾਂ ਦੀ ਕਿਸੇ ਲਈ ਖਿੱਚ ਕੋਈ
ਨ ਮਹਿਕਾਂ ਦੀ ਹੀ ਏਥੇ ਪੁੱਛ ਹੋਈ।
ਇਥੋਂ ਦਾ ਹੁਸਨ ਗਦਰਾਇਆ ਹੋਇਆ ਹੈ
ਤੇ ਬਹੁਤਾ ਕਾਮ ਅਲਸਾਇਆ ਹੋਇਆ ਹੈ।
ਨੇ ਵਿਕਦੇ ਜਿਸਮ ਤੇ ਗ਼ੈਰਤ ਵੀ ਵਿਕਦੀ,
ਹੈ ਏਥੇ ਚੇਤਨਾ ਬੇਦਾਗ਼ ਕਿਸਦੀ ?
ਹੈ ਏਥੇ ਰੁੱਤ ਹਰ ਬੇਰੁੱਤ ਹੋਈ
ਤੇ ਫੁੱਲਾਂ ਵਿਚ ਵੀ ਨ ਖ਼ੁਸ਼ਬੋਈ ਕੋਈ ।
'ਉਚੇਰਾ' ਹਰ ਮਨੁੱਖ ਹਉਮੈਂ ਦਾ ਕੈਦੀ
ਉਦ੍ਹੀ ਹਉਂ ਤੇ ਸਦੀਵੀ ਮੌਤ ਹੱਸਦੀ !
ਇਹ ਰਾਜੇ, ਰਾਜ ਸਭ ਛਿਣ ਦੇ ਪ੍ਰਾਹੁਣੇ
ਕਿਸੇ ਨੇ ਗੀਤ ਨਾ ਮੜ੍ਹੀਆਂ ਤੇ ਗਾਉਣੇ ।
ਸੀ ਏਥੋਂ ਹੋ ਕੇ ਪਾਗਲ *ਸ਼ਿਵ ਨਿਕਲਿਆ
ਇਹ ਕਿੱਸਾ ਖ਼ੂਝ ਤੇਰੀ ਬੇਰੁਖ਼ੀ ਦਾ ।

(3)

ਮੈਂ ਤੇਰੇ ਵਿਚ ਨਾ ਬਰਬਾਦ ਹੋਇਆ
ਮਿਰਾ ਆਪਣਾ ਨਗਰ ਆਬਾਦ ਹੋਇਆ ।
ਮਿਰੀ ਨਗਰੀ ਅਦਬ ਦੇ ਮਾਲੀਆਂ ਦੀ
ਜਿੰਨ੍ਹਾਂ ਤੋਂ ਸਹਿਮ ਕੇ ਨਿਤ ਮੌਤ ਲੰਘਦੀ !

* ਸ਼ਿਵ ਕੁਮਾਰ ਬਟਾਲਵੀ

## ਇਹ ਦੁਨੀਆਂ

ਇਸ ਦੁਨੀਆਂ ਦੇ ਰੰਗ ਅਜਬ ਅਜਬ
ਤੇ ਅਜਬ ਤਰ੍ਹਾਂ ਇਨਸਾਨ ਪਲੇ !
ਇਕ ਪਾਸੇ ਅੰਨ ਭੰਡਾਰ ਕਈ
ਇਕ ਪਾਸੇ ਭੁਖੇ ਰਹਿਣ ਖਲੇ !!
ਇਕ ਪਾਸੇ ਮਿਹਨਤ ਤੇ ਮੁੜ੍ਹਕਾ
ਇਕ ਪਾਸੇ ਜਾਮ ਕਬਾਬ ਰਲੇ !!!
ਇਹ ਫ਼ਰਕ ਮੇਟਣੇ ਮਰਦਾਂ ਨੇ
ਤੂਫ਼ਾਨ ਵਗੇ, ਲਲਕਾਰ ਮਘੇ ।

## ਆਜ਼ਾਦ ਮਨੁਖ

ਆਜ਼ਾਦ ਤੇ ਖ਼ੁਸ਼ ਇਨਸਾਨ ਸਦਾ
ਇਸ ਦੁਨੀਆਂ ਦੇ ਸੁੰਦਰ ਗਹਿਣੇ
ਜੋ ਕਰਨੀ ਨਾਲ ਅਕਾਲ ਬਣੇ
ਉਹ ਝਿਲਮਿਲ ਹਾਰ ਨੇ ਕਿਰਨਾਂ ਦੇ ।

## ਤਾਰਿਆਂ ਨਾਲ ਨੱਚਣਾ

ਜ਼ਿੰਦਗੀ ਹੈ ਨੂਰ ਦੀ ਤਲਵਾਰ ਤਿੱਖੀ
ਏਸ ਉਤੇ ਚੱਲਣਾ ਈਮਾਨ ਸਾਡਾ ।
ਨ੍ਹੇਰ ਦੀ ਤਕਦੀਰ ਨੂੰ ਮੇਟਣ ਲਈ
ਆਖ਼ਰਾਂ ਦਾ ਮੱਚਣਾ ਘਮਸਾਨ ਸਾਡਾ।
ਆਸ਼ਕੀ ਤੇ ਦੋਸਤੀ ਦੇ ਵੱਖ ਗੱਲਾਂ

ਪਰ ਦੋਹਾਂ ਦੇ ਬਿਨਾ ਨਾ ਗੁਜ਼ਰਾਨ ਸਾਡਾ।
ਕਹਿਕਸ਼ਾਂ ਵਿਚ ਰੱਥ ਉਡਦੇ ਹੁਸਨ ਵਾਲੇ
ਤਾਰਿਆਂ ਸੰਗ ਨੱਚਣਾ ਈਮਾਨ ਸਾਡਾ।

## ਦੁਖ ਤੇ ਸੁਖ

ਜੋ ਨੇਤਾ ਕੈਦ ਹੁੰਦੇ ਨੇ
ਉਹ ਸ਼ਾਸਕ ਵੀ ਤਾਂ ਬਣਦੇ ਨੇ—
ਗ਼ਲਤ ਹੈ ਆਖਣਾ ਇਹ
ਦੁਖ ਤੇ ਸੁਖ ਦਾ ਵਾਸਤਾ ਕੋਈ ਨਾ!

## ਬੇਗਾਨਾ ਘਰ

ਇਹ ਕੈਸਾ ਦੌਰ ਆਇਆ ਹੈ
ਕਿ ਸਭ ਆਪਣੇ ਪਰਾਏ ਨੇ
ਅਨੇਕਾਂ ਸੂਰਜੀ ਪੁੱਤਰ ਵੀ
ਚਾਨਣ ਦੇ ਤਿਹਾਏ ਨੇ।
ਘਰਾਂ ਵਿਚ ਰਹਿੰਦਿਆਂ ਵੀ
ਹੋ ਗਏ ਹਾਂ ਇੰਜ ਪ੍ਰਦੇਸੀ
ਕਿ ਦਿਲ ਦੇ ਦਰਦ ਹੀ ਅਜ ਬਾਤ
ਹੋਈ ਕੁਲ ਜੁਗਾਂ ਜੇਡੀ!
ਇਹ ਐਸਾ ਦੌਰ ਆਇਆ ਹੈ—
ਕਿ ਸ਼ਕਤੀ ਹੁੰਦਿਆਂ ਵੀ
ਹਰ ਤਰ੍ਹਾਂ ਅਸ਼ਕਤ ਹੋਏ ਹਾਂ
ਤੇ ਹਰ ਹੋਣੀ ਤੇ ਬੱਚਿਆਂ ਵਾਂਗ
ਭੁੱਬਾਂ ਮਾਰ ਰੋਏ ਹਾਂ!
ਜਵਾਨੀ ਦੀ ਹਜ਼ੂਰੀ ਵਿਚ
ਬੁਢੇਪੇ ਦੀ ਕਹਾਣੀ ਹੈ

ਮਿਰੇ ਮਿੱਤਰ ਤਿਰੇ ਇਸ ਦੇਸ਼ ਵਿਚ
ਕੈਸੀ ਜਵਾਨੀ ਹੈ ?

## ਵਰਖਾ

ਹਰ ਕਿਣਕੇ 'ਚੋਂ ਖ਼ੁਸ਼ਬੋ ਆਈ
ਵਰ੍ਹਕੇ ਹਟੀਆਂ ਕਣੀਆਂ ਨੇ,
ਹਰ ਇਕ ਬਿਰਖ ਦੇ ਪੱਤਿਆਂ ਕੰਨੀਂ
ਲੱਖਾਂ ਹੀਰੇ ਮਣੀਆਂ ਨੇ !
ਅਹੁ ਇਕ ਨਗਣ ਕਾਮਨੀ ਫਿਰਦੀ
ਮਿਧਦੀ ਫ਼ਨੀਅਰ ਸਿਰੀਆਂ ਨੂੰ,
ਹਰ ਇਕ 'ਚੋਂ ਵਿਹੁ-ਮਦਿਰਾ ਪੀਂਦੀ
ਹੋਰ ਵੀ ਛਾਤੀਆਂ ਤਣੀਆਂ ਨੇ !!
ਹਰ ਇਕ ਬਦਲੀ ਲਿਸ਼ਕ ਮਾਰਦੀ
ਹਰ ਇਕ ਅੰਗ ਵਿਚ ਕਾਂਗ ਜਹੀ,
ਝਲ ਮਸਤਾਨੀ ਬਣੀ ਜਵਾਨੀ
ਵਸਲਾਂ ਭਿੱਜੀਆਂ ਘੜੀਆਂ ਨੇ !!!

## ਮਹਿਕ ਅਨੂਠੀ

ਸਾਡੇ ਨੈਣਾਂ ਅਗੋਂ ਲੰਘੇ
ਲੱਖਾਂ ਤਾਰਿਆਂ ਦੇ ਝੁੰਡ
ਤੇਰੇ ਮੁੱਖ ਤੋਂ ਨਾ ਹੱਟਿਆ
ਬੇਗਾਨਗੀ ਦਾ ਘੁੰਡ ।
ਸਾਡੇ ਅੱਗ ਨਾਲ ਖੇਡਦਿਆਂ
ਜਜ਼ਬਿਆਂ ਦੀ ਛਲ੍ਹ

ਤੇਰੇ ਹਉਮੈਂ ਨਾਲ ਭਰੇ
ਡੇਗ ਸਕੀ ਨਾ ਮਹੱਲ ।
ਤੇਰਾ ਨਾਮ ਸਾਡੇ ਕੋਲੋਂ
ਲੱਖਾਂ ਵਾਰ ਲਿਖ ਹੋਇਆ
ਤੇਰੇ ਰੂਪ ਦਾ ਸਰੂਰ
ਅਸਾਂ ਨੀਝ 'ਚ ਪ੍ਰੋਇਆ ।
ਤੇਰੀ ਸੰਦਲੀ ਜਹੀ ਮਹਿਕ ਨੂੰ
ਜਾਂ ਛੁਹਿਆ ਇਕ ਵਾਰ
ਲੱਖਾਂ ਜਿਸਮਾਂ ਦੇ ਸੁਹਜ
ਵਾਲਾ ਚੜ੍ਹਿਆ ਖ਼ੁਮਾਰ ।
ਸਾਡਾ ਹਾਲੇ ਵੀ ਦੀਵਾਨਗੀ ਦਾ
ਦੌਰ ਪਿਆ ਚੱਲੇ
ਤੇਰਾ ਦਰਦ ਕਦੇ ਕਦੇ
ਸਾਡੀ ਪੀੜ ਵਿਚ ਰੱਲੇ !
ਸਾਡੀ ਸਦੀਆਂ ਤੋਂ ਦੁਖਾਂ ਦੀ
ਅਨੰਤ ਦਾਸਤਾਨ
ਰਿਸ਼ਮ ਕਦੀ ਆ ਕੇ ਮਲਦੀ ਹੈ
ਰਾਹ ਕੋਈ ਮਹਾਨ !
ਕੰਡੇ ਹੂੰਝਣੇ ਨੇ ਅਸਾਂ
ਪੀੜਾ ਤੇ ਹਨੇਰ ਦੇ
ਸਾਹ ਡੀਕਣੇ ਨੇ ਅਸਾਂ
ਦੂਧੀਆ ਸਵੇਰ ਦੇ !

## ਲਹਿਰਾਂ ਦੇ ਵਾਸੀ

ਅਗਨੀ ਬਿਨ ਦਾਰੂ ਮੁੱਕ ਚਲੇ
ਜੀਵਨ ਦੇ ਸੋਮੇ ਸੁੱਕ ਚਲੇ,
ਇਹ ਅਉਧ ਹੈ ਲੰਘਣੀ ਰਣ ਅੰਦਰ
ਕੁਝ ਐਸੇ ਅਉਸਰ ਢੁੱਕ ਚਲੇ ।
ਹੈ ਕਾਲ ਕਲਾਵੇ ਵਿਚ ਲੈਣਾ
ਤੇ ਤੂਫ਼ਾਨਾਂ ਦੇ ਗਲ ਪੈਣਾ
ਅਜ ਫੇਰ ਰਵਾਨੀ ਵਿਚ ਆਏ
ਜਿਹੜੇ ਸੀ ਪਾਣੀ ਰੁੱਕ ਚਲੇ ।
ਪ੍ਰੀਤਾਂ ਦੀ ਰੀਤ ਪੁਗਾਵਾਂਗੇ
ਹੁਸਨਾਂ ਦੀ ਮਹਿਕ ਖਿੰਡਾਵਾਂਗੇ
ਖਿਚ ਰਖੀਏ ਵਾਂਗ ਜਵਾਨੀ ਦੀ
ਜੁੱਗਾਂ ਦੇ ਖ਼ਾਲੀ ਬੁੱਕ ਚਲੇ !
ਇਹ ਕੌਣ ਨੇ ਵਾਸੀ ਲਹਿਰਾਂ ਦੇ
ਜੋ ਵੱਸ ਪਏ ਨੇ ਕਹਿਰਾਂ ਦੇ
ਹੁਣ ਦੌਰ ਇਹਨਾਂ ਦਾ ਆਵੇਗਾ
ਕੁਝ ਐਸੇ ਮੌਕੇ ਢੁੱਕ ਚਲੇ ।

## ਨੀਚੋਂ ਊਚ

ਇਹ ਢਿੱਡ ਭੁੱਖੇ ਜੋ ਹਨ ਕਰੋੜਾਂ
ਉਨ੍ਹਾਂ ਦੇ ਰੋਹ ਦੀ ਅਜਬ ਕਹਾਣੀ,
ਨ ਕੋਈ ਲੋਟੂ ਨਿਜ਼ਾਮ ਰਹਿਣਾ

ਨ ਰਹਿਣੀ ਜ਼ਾਲਮ ਦੀ ਜੁਲਮ-ਤਾਣੀ !
ਉਹੀ ਜੋ ਪੀਸੇ ਹੋਏ ਸੀ ਗੀਟੇ
ਉਨ੍ਹਾਂ ਨੇ ਬਣਨਾ ਅਮੁੱਲ ਹੀਰੇ,
ਦਿਲਾਂ ਦੇ ਰਿਸ਼ਤੇ ਸਦੀਵ ਰਹਿਣੇ
ਮਨਾਂ ਦੇ ਏਕੇ ਨੂੰ ਕੌਣ ਚੀਰੇ ?

## ਛਲਾਵਾ

ਤੇਰੀ ਮਹਿਕ ਛਲਾਵਾ ਜਾਪੇ
ਜਿਵੇਂ ਵੇਸਵਾ ਹੱਸੀ ਕੋਈ !
ਨ੍ਹੇਰੇ ਦੇ ਵਿਚ ਦੈਂਤ ਜਾਪਦੀ
ਹਰ ਇਕ ਰੁੱਖ ਦੀ ਹੋਂਦ ਹੈ ਮੋਈ !!

## ਗ਼ਮ

ਇਹ ਗ਼ਮ ਸਦੀਵੀ ਰਹੇਗਾ ਮੈਨੂੰ
ਕਿ ਉਸ ਦੇ ਅੰਤਿਮ ਸਫ਼ਰ ਤੋਂ ਪਹਿਲਾਂ
ਪਿਤਾ ਨੂੰ ਕਿਉਂ ਨ ਮੈਂ ਰੱਜ ਮਿਲਿਆ ?
ਇਹ ਗ਼ਮ ਹੈ ਡੂੰਘਾ ਜਿਗਰ 'ਚ ਲੱਥਾ
ਕਿ ਕਿਉਂ ਮੈਂ ਉਸ ਦੀ ਮੜ੍ਹੀ ਦੇ ਉੱਤੇ
ਨ ਫੁੱਲ-ਬੂਟਾ ਉਗਾ ਹਾਂ ਸਕਿਆ
ਤੇ ਨ ਕੋਈ ਪੱਥਰ ਸਜਾ ਹਾਂ ਸਕਿਆ !

ਉਹ ਕਿਥੇ ਗੁੰਮੇ ਨੇ ਦਿਲ ਦੇ ਮਹਿਰਮ
ਜਿਨ੍ਹਾਂ 'ਚ ਰਹਿ ਕੇ ਜਵਾਨ ਹੋਇਆ ?
ਉਹ ਕਿਥੇ ਬੋਹੜਾਂ ਦੀਆਂ ਨੇ ਛਾਵਾਂ

ਸੀ ਨਿੱਘ ਜਿਹਨਾਂ ਦਾ ਵਾਂਗ ਮਾਵਾਂ !
ਉਹ ਮਹਿਕਾਂ ਕਿਥੇ ਬਹਾਰ ਦੀਆਂ ?
ਜੋ ਰਾਤੀਂ ਵਾਜਾਂ ਸੀ ਮਾਰਦੀਆਂ !!
ਇਹ ਗ਼ਮ ਸਦੀਵੀ ਰਹੇਗਾ ਮੈਨੂੰ ।

ਇਹ ਗ਼ਮ ਹੈ ਦਿਲ ਦੀ ਪਰਤ ਤੇ ਲਿਖਿਆ
ਕਿ ਕਿਥੇ ਪਹਿਲਾ ਹੈ ਪਿਆਰ ਮੇਰਾ ?
ਉਹ ਮਹਿਕਾਂ ਵੰਡਦਾ ਹੁਸਨ ਦਾ ਜਾਦੂ
ਸੀ ਸੋਲ੍ਹਾਂ ਸਾਲਾਂ ਦੀ ਸਵਰਨ ਕਾਇਆਂ
ਕਿ ਜਿੱਦਾਂ ਚੰਦਨ ਦੀ ਕੋਈ ਗੇਲੀ।
ਉਹ ਜੋਤੀ ਕਿਥੇ ਚਲੀ ਗਈ ਹੈ ?
ਇਹ ਗ਼ਮ ਸਦੀਵੀ ਰਹੇਗਾ ਮੈਨੂੰ !

ਇਹ ਗ਼ਮ ਸਦੀਵੀ ਹੈ ਮੇਰਾ ਸਾਥੀ
ਕਿ ਬੇਲੀ ਕਿੱਥੇ ਚਲੇ ਗਏ ਨੇ ?
ਜਿਨ੍ਹਾਂ ਦੇ ਸੰਗ ਨਾ ਸੀ ਨੀਂਦ ਆਉਂਦੀ
ਜਿਨ੍ਹਾਂ ਦੇ ਆਇਆਂ ਬਸੰਤ ਖਿੜਦੀ !
ਸੀ ਹੋਂਦ ਕਵਿਤਾ ਜਿਨ੍ਹਾਂ ਦੀ ਸਾਰੀ
ਹੈ ਉਹਨਾਂ ਕਿੱਥੇ ਉਡਾਰ ਮਾਰੀ ?
ਇਹ ਗ਼ਮ ਸਦੀਵੀ ਰਹੇਗਾ ਮੈਨੂੰ !

## ਰੋਜ਼ ਗਾਰਡਨ

ਤੂੰ ਇੰਜ ਫੁੱਲਾਂ ਦੀ ਮਹਿਕ ਵੰਡੇਂ
ਜਿਉਂ ਸੇਜ ਮਾਣੇ ਹੁਸੀਨ ਨਾਰੀ,
ਮਿਰੇ 'ਚ ਰਚ ਮਿਚ ਗਈ ਹੈ ਮਾਨੋ

ਕਰੋੜ ਰੰਗਾਂ ਦੇ ਇਕ ਸਮੁੰਦਰ ਦੀ ਹੋਂਦ ਸਾਰੀ ।

## ਸੰਦਲੀ ਸ਼ਬਾਬ

ਸਾਗਰਾਂ 'ਚ ਰਹਿਣ ਵਾਲਿਉ
ਅਸਾਂ ਲਹਿਰਾਂ ਦਾ ਹਿਸਾਬ ਅਜ ਲਾਉਣਾ,
ਰੱਜ ਕੇ ਸੁਗੰਧ ਡੀਕਣੀ
ਅਸਾਂ ਸੰਦਲੀ ਸ਼ਬਾਬ ਹੰਢਾਉਣਾ ।

## ਸਦੀਵੀ ਪ੍ਰਸ਼ਨ

ਕਿਵੇਂ ਤੂੰ ਨੂਰ ਤੋਂ ਨਾਰੀ ਬਣਾ ਕੇ ਹੁਸਨ ਰੁਸ਼ਨਾਇਆ ?
ਕਿਵੇਂ ਤੂੰ ਰੰਗ ਭਰ ਦਿਤੇ ਸ੍ਰਿਸ਼ਟੀ ਦੇ ਪਸਾਰੇ ਵਿਚ ?
ਕਿਵੇਂ ਤੂੰ ਫੁੱਲ ਸਾਜੇ, ਕਹਿਕਸ਼ਾਂ ਤਾਈਂ ਜਲੌਂ ਦਿਤਾ—
ਤੇ ਕਾਮੁਕ ਖਿੱਚ ਭਰ ਦਿਤੀ ਗੁਲਾਬੀ ਰੂਪ ਸਾਰੇ ਵਿਚ ?

## ਐਮਰਜੈਂਸੀ

"ਐਮਰਜੈਂਸੀ ਮਹਾਂ ਵਰਦਾਨ"
"ਇਕ ਪੁਰਖੀ ਹੈ ਰਾਜ ਮਹਾਨ"
"ਅਨੁਸ਼ਾਸਨ ਦਾ ਪੂਰਵ ਸੁਜਾਨ"
ਇਹ ਸੀ ਸਾਡਾ ਸਭ ਦਾ ਗਾਨ !

ਸ਼ਬਦ-ਗਤੀ ਦੇ ਪਹਿਰੇ ਲੱਗੇ
ਬੋਲਾਂ ਨੂੰ ਸਨ ਜੰਦਰੇ ਵੱਜੇ
ਕੁਝ ਕੁ ਸਮੇਂ ਲਈ ਭਾਰਤਵਾਸੀ
ਜੀਂਦੇ ਸਨ ਜਿਉਂ ਬੀਬੇ ਢੱਗੇ ।
ਐਸੇ ਵੀ ਕੁਝ ਮਹਾਂ ਮਰਦ ਸਨ
ਜਿਹਨਾਂ ਦੇ ਸਨ ਮਸਤਕ ਜੱਗੇ,
ਉਹ ਨਹੀਂ ਸਨ ਮੁਹਤਾਜ ਰਿਜ਼ਕ ਦੇ
ਦੁਖ ਉਹਨਾਂ ਦੇ ਅੱਗੇ ਅੱਗੇ ।
ਭਾਵੇਂ ਸਨ ਉਹ ਸ਼ੇਰ ਦੁਲਾਰੇ
ਤੇ ਲਗਦੇ ਸਨ ਸੋਨ-ਸਿਤਾਰੇ;
ਪਰ ਸ਼ੋਭਾ ਮੈਂ ਕਰ ਨਾ ਸਕਿਆ।
ਰਿਜ਼ਕ ਦਾ ਸਾਗਰ ਤਰ ਨਾ ਸਕਿਆ ।
ਸਭ ਕਲਮਾਂ ਸਨ ਟੁੱਟੀਆਂ ਟੁੱਟੀਆਂ
ਤਹਿਰੀਰਾਂ ਸਨ ਹੱਟੀਆਂ ਟੁੱਟੀਆਂ ।
ਉਹ ਨਿਰ-ਸ਼ਬਦਾ ਕਾਲ ਬਲੀ ਸੀ
ਹਰ ਇਕ ਜੀਭਾ ਜਲੀ ਜਲੀ ਸੀ !

## ?

ਉਹ ਨੇ ਕੌਣ ਯੋਧੇ
ਜਿਨ੍ਹਾਂ ਰਾਤ ਵੇਲੇ
ਲਾਈਆਂ ਸੂਰਜਾਂ ਦੇ ਨਾਲ ।
ਯਾਰੀਆਂ ਨੇ ?

## ਮਿਲਾਪ

ਤੇਰਾ ਮੇਲ ਜਿਉਂ ਰਾਤ ਦੀ ਰਾਣੀ ਦੀ

ਮਹਿਕੀਲੀ 'ਵਾ

ਤੇਰਾ ਮੇਲ ਕਿ ਚੰਬੇਲੀ ਦਾ
ਝੁਲਿਆ ਜਿਵੇਂ ਪੁਰਾ ।
ਤੇਰਾ ਮੇਲ ਕਿ ਰੰਗਾਂ ਦਾ ਜਿਉਂ
ਸਾਗਰ ਸ਼ੂਕ ਰਿਹਾ
ਤੇਰਾ ਮੇਲ ਕਿ ਜਿਵੇਂ ਊਸ਼ਾ ਦਾ
ਕੋਸਾ ਕੋਸਾ ਸਾਹ ।
ਤੇਰਾ ਹੁਸਨ ਕਿ ਜਿਵੇਂ ਬਸੰਤੀ
ਰੁਤ ਦਾ ਰੂਪ ਜਿਹਾ ।
ਤੈਨੂੰ ਮਿਲਕੇ ਇਸ਼ਕ ਮਿਰੇ ਨੂੰ
ਮਿਲੀ ਸਦੀਵੀ ਭਾਹ ।
ਤੈਨੂੰ ਮਿਲਕੇ ਹੋਇਆ ਵਿਆਕੁਲ
ਖੋਲ ਰਿਹਾ ਦਰਿਆ ।
ਤੈਨੂੰ ਮਿਲਕੇ ਹਾਸਲ ਹੋਈ
ਅਗਮ ਅਗੋਚਰਤਾ
ਤੇਰਾ ਮੇਲ ਕਿ ਜੀਕਨ ਮਹਿਕੀ
ਜੁੱਗਾਂ ਦੀ ਕਵਿਤਾ !

## ਜੁਗ ਕਵੀ ਨੂੰ

ਤੂੰ ਅਕਾਸ਼ ਤੋਂ ਬੁਲੰਦ ਸਦਾ ਇਹ ਜ਼ਮੀਨ ਕਰ
ਤੂੰ ਨੱਥ ਕੇ ਸਮੇਂ ਨੂੰ ਆਪਣੇ ਅਧੀਨ ਕਰ ।
ਤੂੰ ਜੁਗਾਂ ਦੀ ਸੋਚ ਦਾ ਨਵੀਨਤਮ ਯਕੀਨ ਹੈਂ
ਤੂੰ ਸਮੇਂ ਦੀ ਸੇਧ ਦਾ ਮਹਾਂ ਦ੍ਰਿਸ਼ ਮਹੀਨ ਹੈਂ ।
ਤੂੰ ਹੈਂ ਸੂਰਜੀ ਮਨੁੱਖ ਇਸ ਸਦੀ ਦੀ ਆਤਮਾ
ਤੈਥੋਂ ਸਾਰੇ ਹੇਚ ਨੇ ਜੋ ਮਹਾਂ ਮਹਾਤਮਾ ।
ਤੂੰ ਸਮੇਂ ਨੂੰ ਸੱਚ ਦਾ ਤੇ ਸ਼ਕਤ ਦਾ ਸੰਦੇਸ਼ ਦੇ
ਤੂੰ ਲਘੂ ਮਨੁੱਖ ਨੂੰ ਵੀ ਸ਼ਕਤੀਆਂ ਹਮੇਸ਼ ਦੇ ।

ਤਿਰੇ ਪਰਮ ਮਰਦ ਦੀ ਜਹਾਨ ਵਿਚ ਚਲੇਗੀ ਬਾਤ
ਤਿਰੇ ਸੁਜੀਵ ਨੂਰ ਨੇ ਹੈ ਹੂੰਝਣੀ ਜੁਗਾਂ ਦੀ ਰਾਤ ।
ਤੂੰ ਅਣਖ ਤੇ ਬਰਾਬਰੀ ਦਾ ਮਹਾਂ ਨਾਦ ਛੇੜ ਦੇ
ਤੂੰ ਕਾਇਰਤਾ ਤੇ ਨਫ਼ਰਤਾਂ ਦੇ ਸਭ ਦਰਾਂ ਨੂੰ ਭੇੜ ਦੇ ।
ਤੂੰ ਇਕ ਕਵੀ ਮਹਾਨ ਹੈਂ ਤੇ ਕਲ ਸਮੇਂ ਦੀ ਸ਼ਾਨ ਹੈਂ
ਤਿਰੇ ਅਧੀਨ ਰਾਜ ਨੇ, ਤਿਰੇ ਹੀ ਕੁਲ ਸਮਾਜ ਨੇ ।
ਤੂੰ ਕ੍ਰਾਂਤੀਆਂ ਦਾ ਨਾਦ ਹੈਂ ਤੇ ਸ਼ੁਹਰਤਾਂ ਦਾ ਆਦਿ ਹੈਂ
ਤੂੰ ਰੰਗ ਹੈਂ ਅਰੂਪ ਤੇ ਸੁਗੰਧੀਆਂ ਦਾ ਨੂਰ ਹੈਂ
ਤੂੰ ਕਾਲ ਤੋਂ ਵੀ ਮੁਕਤ ਹੈਂ, ਅਕਾਲ ਦੇ ਹਜ਼ੂਰ ਹੈਂ !!

## ਇਕ ਝਾਕੀ

ਅੰਬਾਂ ਦਿਆਂ ਬੂਟਿਆਂ 'ਚ
ਮਹਿਕਦਾ ਜਹਾਨ ਹੈ
ਕਿਕਰਾਂ ਤੇ ਟਾਹਲੀਆਂ ਦਾ
ਰੂਪ ਵੀ ਜਵਾਨ ਹੈ !
ਜੋਬਨ ਲੁਟਾਇਆ ਕਿਸੇ
ਹੱਸ ਹੱਸ ਜੰਡ ਹੇਠ
ਚੜ੍ਹਦੀ ਜਵਾਨੀ ਦਾ ਇਹ
ਅਥਰਾ ਮੁਹਾਨ ਹੈ !!
ਲਹਿਰ ਲਹਿਰ ਜ਼ਿੰਦਗੀ ਹੈ
ਲਹਿਰ ਲਹਿਰ ਸਮਾਂ ਹੋਇਆ
ਲਹਿਰਾਂ ਵਿਚ ਘੁਲ ਗਿਆ
ਕੁਲ ਆਸਮਾਨ ਹੈ !

## ਕਲਾ

ਤਾਰਿਆਂ 'ਚ ਰਹਿਣ ਵਾਲੀਏ

ਤੈਨੂੰ ਸੂਰਜਾਂ ਦੇ ਦੇਸ਼ ਦਿਖਾਵਾਂ,
ਮਦਿਰਾ ਸਮੁੰਦ ਸ਼ੂਕਦੇ
ਤੇਰੇ ਨਾਲ ਮੈਂ ਤਾਰੀਆਂ ਲਾਵਾਂ !

## ਉਹ ਮੁਟਿਆਰ !

ਉਹ ਮੂਰਤ ਰੂਪ ਦੀ
ਜਿਉਂ ਉਰਵਸ਼ੀ ਉਤਰੀ ਅਕਾਸ਼ਾਂ ਤੋਂ,
ਗੁਲਾਬੀ ਫੁੱਲ ਅਣਖਿੜਿਆ;
ਨਰਗਸੀ ਨੈਣ ਸਨ ਖੀਵੇ ਸ਼ਰਾਬੀ !
ਉਹਦੀ ਮਾਸੂਮੀਅਤ ਵੀ
ਕੰਵਲ ਦੇ ਵਾਕੁਰ ਪਵਿੱਤਰ ਸੀ
ਤੇ ਹੈ ਸੀ ਪਿਆਰ ਦਾ ਜਾਦੂ
ਮਹਿਕ ਦਾ ਸ਼ੂਕਦਾ ਦਰਿਆ !

ਉਹਦੀ ਇਕ ਯਾਦ ਹੈ ਬਾਕੀ:
ਕਿ ਉਸ ਦੇ ਚੁੰਮਣਾਂ ਵਿਚ
ਸ਼ਹਿਦ ਦੀ ਮਿੱਠਤ ਸਦੀਵੀ ਸੀ-
ਤੇ ਉਸਦੀ ਘੁੱਟਣੀ ਵਿਚ
ਜੁਗ-ਮੇਲਾਂ ਦੀ ਗਵਾਹੀ ਸੀ !

ਉਹਦਾ ਹੁਣ ਹੁਸਨ ਤਾਂ ਕੁਝ
ਢਲ ਗਿਆ ਹੋਵੇਗਾ ਹਰ ਪੱਖੋਂ-
ਉਹਦੇ ਹੁਣ ਮਿਲਣ ਵਿਚ ਵੀ
ਤਪਸ਼ ਉਹੀ ਹੋਏਗੀ ਕਿ ਨਾ ?
ਤੇ ਉਸਦੀ ਤੱਕਣੀ ਵਿਚ
ਚੀਰਵੀਂ ਸ਼ਕਤੀ ਦਾ ਵੀ ਹੋਣਾ ?

## ਯਾਦ

ਯਾਦ ਤਿਰੀ ਅਜ ਏਦਾਂ ਮਹਿਕੀ
ਅੰਗਾਂ ਦੇ ਵਿਚ ਘੁਲ ਗਈ ਜਿਦਾਂ
ਕੇਸਰ ਤੇ ਕਸਤੂਰੀ !

ਯਾਦ ਤਿਰੀ ਅਜ ਏਦਾਂ ਮੌਲੀ
ਜੀਕਨ ਦਾਰੂ ਦਾ ਘੁੱਟ ਤਿੱਖਾ
ਦਿਲ ਵਿਚ ਉਤਰੇ, ਨਸ਼ਾ ਚੜ੍ਹਾਏ
ਕਰ ਦਏ ਮਸਤ ਸਬੂਰੀ ।

ਯਾਦ ਤਿਰੀ ਅਜ ਏਦਾਂ ਆਈ
ਜਿਉਂ ਆਪੇ ਦੇ ਅੰਦਰ ਰਲ ਗਈ
ਹੋਂਦ ਸੂਰਜੀ ਪੂਰੀ !

ਯਾਦ ਤਿਰੀ ਅਜ ਦਿਲ ਦੀ ਧੜਕਣ
ਏਦਾਂ ਤੇਜ਼ ਉਛਾਲੀ
ਜੀਕਨ ਲਹਿਰ ਵੇਗ ਵਿਚ ਆਈ
ਹੋ ਜਾਂਦੀ ਹੈ ਦੂਹਰੀ ।

ਯਾਦ ਤਿਰੀ ਅਜ ਹੋਂਦ ਮਿਰੀ ਵਿਚ
ਇੰਜ ਅਨੰਤੀ ਛਾਈ,
ਚੀਰ ਗਈ ਬਿਜਲੀ ਥਰਰਾਂਦੀ

ਧੁੰਦ ਨ੍ਹੇਰ ਦੀ ਗੂੜ੍ਹੀ ।

ਯਾਦ ਤਿਰੀ ਅਜ ਏਦਾਂ ਆਈ
ਜਿਉਂ ਵੇਦਾਂ ਦੀ ਬਾਣੀ
ਜੁਗਾਂ ਤੋਂ ਦਿਲ-ਚਾਨਣ ਦੇਂਦੀ
ਆਦਿ ਜੁਗਾਦੋਂ ਨੂਰੀ !

## ਤੂੰ

ਤੂੰ ਅਣਜਿੱਤ ਅਸੀਮ ਹੈ ਸੋਮਾ ਸ਼ਕਤੀ ਦਾ
ਤੂੰ ਜੀਵਨ ਦੇ ਰਾਹ ਤੇ ਦੀਪ ਅਮਰਤਾ ਦਾ
ਤੂੰ ਪੂਰਬ 'ਚੋਂ ਉਠਦੀ ਟਿੱਕੀ ਸੂਰਜ ਦੀ
ਤੂੰ ਮਤਵਾਲੇ ਨੈਣਾਂ ਦੀ ਤਕਦੀਰ ਜਿਹੀ !

ਤੂੰ ਮਿਲ ਜਾਵੇਂ, ਜਿੰਦ ਹੈ ਰੰਗਾਂ ਦੀ ਲੀਲ੍ਹਾ
ਤੂੰ ਦਿੱਸੇ ਤਾਂ ਕੰਵਲ ਹਯਾਤੀ ਦਾ ਖਿੜਦਾ
ਤੇਰਾ ਮੇਲ ਹੈ ਗਲਵਕੜੀ ਲਖ ਹੂਰਾਂ ਦੀ
ਤੇਰਾ ਮੇਲ ਕਿ ਗੰਧ ਘੁਲੀ ਜਿਉਂ ਚੰਦਨ ਦੀ !!

## ਮੈਂ

ਮੈਂ ਪਿਆਰ ਦਾ ਅਣੂ ਹਾਂ
ਜੁਗਾਂ ਤੋਂ ਭਟਕਦਾ ਹਾਂ ।
ਇਕ ਰਾਗ ਦੀ ਤਰਬ ਹਾਂ
ਇਕ ਨੂਰ ਦੀ ਸ਼ੁਆ ਹਾਂ !

ਇਕ ਸੂਰਜੀ ਨਜ਼ਾਰਾ
ਇਕ ਬਾਜ਼ ਦੀ ਅਦਾ ਹਾਂ ।
ਇਕ ਕਾਵਿ ਹਾਂ ਜੁਝਾਰੀ
ਇਕ ਹੁਸਨ ਦਾ ਪੁਜਾਰੀ ।
ਇਕ ਮਰਦ ਸੱਚ ਦਾ ਹਾਣੀ
ਜੋ ਹੋ ਜੁਗਾਂ ਦੀ ਬਾਣੀ !

## ਇਕ ਨੀਝ

ਪੂਰਬ ਦੇ ਨਿਰਮਲ ਗਗਨਾਂ 'ਚੋਂ
ਇਕ ਜੋਤੀ ਅਮਰ ਅਜਿੱਤ ਜਗੀ ।
ਸੂਰਜ ਦੇ ਵਾਂਗ ਉਨਾਭੀ ਉਹ,
ਹਰ ਜਿੰਦ ਅਣੂ ਵਿਚ ਚਿਣਗ ਮਘੀ ।

ਇਕ ਨੀਝ ਕਾਸ਼ਨੀ ਨੈਣਾਂ ਦੀ
ਹਿਰਦੇ ਮੇਰੇ ਵਿਚ ਗਈ ਜੜੀ,
ਇਕ ਸੂਰਤ ਸੋਹਜ-ਸਦੀਵੀ ਹੈ
ਜੋ ਚਾਨਣ ਵਾਂਗ ਗਈ ਨਾ ਫੜੀ ।

ਊਸ਼ਾ ਦੇ ਵਾਂਗ ਸਸ਼ੋਭਤ ਹੈ
ਉਹ ਸੂਰਜ ਦੀ ਰਥਵਾਨ ਬਣੀ,
ਅਜ ਇੰਦਰ ਧਨੁਸ਼ ਦੀ ਡੋਰੀ ਤੇ
ਉਸ ਸੇਧ ਹੈ ਮੇਰੇ ਵੱਲ ਤਣੀ !!

## ਸੂਰਜ ਤੇ ਕਹਿਕਸ਼ਾਂ

ਅੱਜ ਚੜੀ ਕਹਿਕਸ਼ਾਂ ਅਰਸ਼ਾਂ ਤੇ
ਲਾ ਪੌੜੀ ਧਰਤ ਦੇ ਸੀਨੇ ਨੂੰ
ਲੱਖਾਂ ਹੀ ਤਾਰੇ ਆਸ ਪਾਸ
ਚਾਨਣ ਦੇ ਅੰਦਰ ਧੁੰਮ ਰਹੇ !

ਇਹ ਕਿਹਾ ਬ੍ਰਹਸਪਤ ਤਾਰਾ ਹੈ
ਜਿਸਦਾ ਸੰਸਾਰ ਨਿਆਰਾ ਹੈ
ਅਰਸ਼ਾਂ ਦੇ ਨੀਲ-ਪੁਲਾੜ ਅੰਦਰ
ਲੱਖਾਂ ਸੰਸਾਰ ਨੇ ਗੁੰਮ ਰਹੇ !

ਔਹ ਚੜ੍ਹੀ ਹੈ ਸੂਰਜ ਦੀ ਲਾਲੀ
ਪੂਰਬ ਦੇ ਮਸਤਕ ਦੀਵਾਲੀ
ਪਰਭਾਤ ਦੇ ਰੰਗ ਕ੍ਰੋੜਾਂ ਹੀ
ਲਹਿਰਾਂ ਦੇ ਅੰਦਰ ਝੁੰਮ ਰਹੇ ।

ਰੰਗਾਂ ਦੀ ਧੂੜ ਪਈ ਉੱਡੇ
ਰੰਗਾਂ ਦੇ ਬੱਦਲ ਘੁੰਮ ਰਹੇ,
ਊਸ਼ਾ ਦੇ ਹੁਸਨ ਉਨਾਭੀ ਨੂੰ
ਧਰਤੀ ਦੇ ਸੂਰਜ ਚੁੰਮ ਰਹੇ ।

## ਇਕ ਬਿਰਧ ਮਨੁੱਖ ਦਾ ਆਤਮ ਕਥਨ

ਮੈਂ ਹਾਂ ਬੀਤਿਆ, ਬਲਹੀਣ ਜਿਹਾ
ਗਿਣ ਰਿਹਾ ਘੜੀਆਂ
ਕਦੀ ਇਕ ਸਮਾਂ ਸੀ
ਕਿ ਮੇਰਾ ਹਰ ਥਾਂ ਬੋਲਬਾਲਾ ਸੀ ।
ਓਦੋਂ ਸਾਂ ਲਾਟ ਵਾਕੁਰ ਬਲ ਰਿਹਾ

ਮੈਂ ਨਾਗ ਚਮਕੀਲਾ,
ਹਜ਼ਾਰਾਂ ਹਿਰਦਿਆਂ ਵਿਚ
ਮੇਰੀ ਹਸਤੀ ਦੀ ਕਹਾਣੀ ਸੀ,
ਕਈ ਨਜ਼ਰਾਂ 'ਚ ਵਸਦੀ
ਮੇਰੀ ਮਸਤਾਨੀ ਜਵਾਨੀ ਸੀ ।
ਅਨੇਕਾਂ ਜੌਬਨਾਂ ਨੂੰ ਮੈਂ ਕਦੇ ਸੀ .
ਮਾਣਿਆ ਰੱਜ ਕੇ –
ਤੇ ਕਿਹੜਾ ਜਾਮ ਜਿਹੜਾ
ਮੇਰੇ ਹੇਠਾਂ ਤੀਕ ਨਹੀਂ ਆਇਆ ?
ਮੈਂ ਦੁੱਖ ਦਿਤਾ ਅਨੇਕਾਂ ਨੂੰ
ਕਰੋੜਾਂ ਕਪਟ ਕੀਤੇ ਨੇ ।
ਕਦੀ ਮੁਸਕਾਇਆ ਹੋਵਾਂਗਾ
ਪਰਾਈ ਪੀੜ ਦੇ ਉਤੇ !
ਮਿਰਾ ਅਜ ਜਾਮ ਖ਼ਾਲੀ ਹੈ
ਮਿਰੀ ਅਜ ਪੀੜ ਭਰ ਆਈ-
ਬਦਨ ਵਿਚ ਜੋਸ਼ ਬਾਕੀ ਨਹੀਂ
ਤੇ ਸ਼ਕਤੀ ਨਾ ਰਹੀ ਰਾਈ !
ਕੁਈ ਆ ਕੇ ਮੇਰੇ ਬੀਤੇ ਦਿਨਾਂ ਦੀ ਵਾਰਤਾ ਦੱਸੇ—
ਕਰਾਮਾਤੀ ਜਹੇ ਜੋ ਕਰਮ ਦਿਸਦੇ ਸਨ ਕਦੇ ਮੇਰੇ
ਉਹਨਾਂ ਦੇ ਨੰਗ ਤੇ ਹੱਸੇ !

## ਵਿਸਾਖੀ

ਸੂਰਜ ਅੱਜ ਉਚਤਮ ਸਿਖਰਾਂ ਤੇ
ਇਕ ਅਗਨੀ-ਸਾਗਰ ਵਿੱਚ ਤਰੇ।
ਅੱਜ ਰੰਗ ਸੁਨਹਿਰੀ ਕਣਕਾਂ ਦਾ
ਦਿਲ ਉੱਤੇ ਮਦਰਾ ਵਾਂਗ ਲੜੇ !

ਅਜ ਦੇ ਦਿਨ ਕਦੀ ਅਨੰਦਪੁਰ ਸਾਂ
ਜਿਥੇ ਪਿਆ ਖ਼ਾਲਸਾ ਪੰਥ ਸਜੇ
ਸੀ ਸ਼ਕਤੀ ਦਾ ਅਵਤਾਰ ਓਥੇ
ਜੋ ਧਰਮ ਅਨੂਠਾ ਪਿਆ ਰਚੇ ।

ਇਸ ਦਿਨ ਰਣਜੀਤ ਦੇ ਸਨਮੁਖ ਸਾਂ
ਜਦ ਰਾਜ ਤਿਲਕ ਧਾਰਨ ਕੀਤਾ
ਜਿਸ ਨੇ ਪੰਜਾਬੀ ਲੋਕਾਂ ਦਾ
ਨਾਂ ਦੁਨੀਆਂ ਵਿਚ ਰੋਸ਼ਨ ਕੀਤਾ !

ਮੈਂ ਜਲ੍ਹਿਆਂਵਾਲੇ ਹਾਜ਼ਰ ਸਾਂ
ਜਦ ਖ਼ੂਨ ਡੁਲ੍ਹਿਆਂ ਵੀਰਾਂ ਦਾ
ਸੀ ਸਾਮਰਾਜ ਤਦ ਡੋਲ ਗਿਆ
ਨਾ ਬਲ ਚਲਿਆ ਤਦਬੀਰਾਂ ਦਾ !

ਸੀ ਦਿਨ ਵੱਡਭਾਗਾ ਏਹੋ ਹੀ
ਜਦ ਮਾਣ ਪੰਜਾਬੀ ਨੂੰ ਮਿਲਿਆ
ਇਹ ਰਾਜ ਸਿੰਘਾਸਣ ਬੈਠ ਗਈ
ਤਾਂ ਦਿਲ ਖੁਸ਼ੀਆਂ ਵਿਚ ਉਛਲ ਪਿਆ !

ਇਹ ਦਿਨ ਹਰ ਇਕ ਲਈ ਖੁਸ਼ੀਆਂ ਦਾ
ਇਹ ਦਿਨ ਨਾ ਗਲਾਂ ਰੁਸੀਆਂ ਦਾ
ਆਓ ਹੁਣ ਇਸ ਦਿਨ ਰਜ ਨੱਚੀਏ
ਇਹ ਦਿਨ ਹੈ ਆਸਾਂ ਉਚੀਆਂ ਦਾ !

## ਜਨਮ ਭੂਮੀ ਨੂੰ

ਮਿਲਣ ਦੀ ਤੈਥੋਂ ਵਿਛੜ ਕੇ
ਬਾਤ ਨਾ ਪਾਈ ਗਈ,
ਵੱਖ ਹੋ ਕੇ ਵੀ ਤਿਰੀ ਹੀ
ਯਾਦ ਨਿਤ ਗਾਈ ਗਈ ।
'ਬਾਰ ਗੰਜੀ' ਦੀ ਕਹਾਣੀ
ਕੌਣ ਭੁਲੇਗਾ ਕਦੇ
ਲੱਖ ਹਿੰਮਤ ਹੁੰਦਿਆਂ ਵੀ
ਹੰਝੂ ਡੁਲ੍ਹਗਾ ਕਦੇ ।
ਸ਼ਹਿਦ ਮਿੱਠੇ ਪੀਲੂਆਂ ਦੀ
ਲਿਸ਼ਕ ਭਰਮਾਉਂਦੀ ਪਈ
ਰੇਤ ਦੇ ਸਾਗਰ ਦੀ ਤਿੱਖੀ
ਲਹਿਰ ਮਸਤਾਉਂਦੀ ਪਈ ।
ਪੀਂਘ ਸਤਰੰਗੀ ਸੀ ਜੋ
ਬਚਪਨ ਦੀ ਵਡ ਪ੍ਰਵਾਜ਼ ਵਿਚ
ਝੂਟਦਾ ਹਾਂ ਓਸ ਉੱਤੇ
ਮੈਂ ਸਦਾ ਹੀ ਨਾਜ਼ ਵਿਚ
ਦੀਦ ਤੇਰੀ ਨੂੰ ਦਹਾਕੇ
ਬੀਤ ਚੁੱਕੇ ਨੇ ਕਈ,
ਰੀਝ ਤੈਨੂੰ ਮਿਲਣ ਦੀ
ਮੱਘਦੀ ਤੇ ਬੁਝਦੀ ਹੀ ਰਹੀ !

ਵੰਡੀਆਂ ਪਾਈਆਂ ਗਈਆਂ
ਧਰਮਾਂ ਤੇ ਇਨਸਾਨਾਂ ਦੇ ਵਿਚ
ਲੀਕ ਖਿੱਚੀ ਨਫ਼ਰਤਾਂ

ਭਾਈਆਂ ਤੇ ਭਗਵਾਨਾਂ ਦੇ ਵਿਚ ।

ਚੱਕ ਇੱਕ ਸੌ ਨੌਂ ਵਾਲੀ
ਯਾਦ ਆਈ ਹੈ ਸਦਾ,
ਰੋਜ਼ ਰਾਤੀਂ ਤਾਰਿਆਂ ਨੇ
ਬਾਤ ਪਾਈ ਹੈ ਸਦਾ !

ਕਿਸ ਤਰ੍ਹਾਂ ਦਾ ਰੂਪ ਹੋਵੇਗਾ
ਮਿਰੇ ਘਰ-ਬਾਰ ਦਾ ?
ਕਿਸਤਰ੍ਹਾਂ ਦਾ ਮੂੰਹ ਸੁਹਾਣਾ
ਅੱਜ "ਅਹਿਮਦ" ਯਾਰ ਦਾ ।

ਮਰਨ ਤੀਕਰ ਤੇਰੀਆਂ
ਯਾਦਾਂ ਦਾ ਝੁਰਮਟ ਰਹੇਗਾ ।
ਰੋਜ਼ ਰਾਤੀਂ ਰਾਂਗਲਾ
ਪੰਛੀ ਜਿਗਰ ਤੇ ਬਹੇਗਾ !

## ਨਵਾਂ ਸਾਲ

ਇਕ ਹੋਰ ਸਾਲ ਆ ਗਿਆ ਮਹਿਕਾਂ ਖਿਲਾਰਦਾ ।
ਇਕ ਹੋਰ ਸਾਲ ਬੀਤਿਆ ਹੈ ਇੰਤਜ਼ਾਰ ਦਾ ।
ਇਕ ਹੋਰ ਅਜ ਗੁਲਾਲ ਦੀ ਲਗੀ ਝੜੀ ਜਹੀ
ਇਕ ਹੋਰ ਤਾਰਾ ਡਲ੍ਹਕਿਆ ਨੂਰੀ ਪਿਆਰ ਦਾ ।
ਇਕ ਹੋਰ ਰਿਸ਼ਮ ਦੂਧੀਆ ਨਵ-ਚੰਦ ਦੀ ਮਿਲੀ
ਇਕ ਹੋਰ ਤਾਰ ਛਿੜ ਪਿਆ ਅਜ਼ਲੀ ਬਹਾਰ ਦਾ ।
ਇਕ ਹੋਰ ਸੀਤ ਅੱਗ ਅਜ ਭਾਂਬੜ ਜਿਹਾ ਬਣੀ
ਇਕ ਹੋਰ ਨੂਰ ਚੜ੍ਹ ਪਿਆ ਦਿਲ ਦੀ ਨੁਹਾਰ ਦਾ ।

ਇਕ ਹੋਰ ਸਾਲ ਉਮਰ ਦਾ ਤਾਣਾ ਵਧਾ ਗਿਆ
ਇਕ ਹੋਰ ਨਾਦ ਗੂੰਜਿਆ ਸੱਚੇ ਪਿਆਰ ਦਾ ।
ਇਕ ਹੋਰ ਮਨ ਦੇ ਮੋਤੀਆਂ ਦੀ ਕਹਿਕਸ਼ਾਂ ਦਿਸੀ
ਇਕ ਹੋਰ ਤੂਰ ਜਿੰਦ ਵਿਚ ਡਲ੍ਹਕਾਂ ਹੈ ਮਾਰਦਾ ।

## ਮੋਹਨ ਸਿੰਘ

ਮੈਂ ਤੇਰੇ ਸਾਵੇ ਪੱਤਰਾਂ ਨੂੰ
ਸਾਂ ਪੜ੍ਹਕੇ ਰੰਗੋ ਰੰਗ ਹੋਇਆ
ਇਕ ਕਾਵਿ ਅਨੂਠਾ ਲਾਸਾਨੀ
ਜਿਸ ਦਿਲ ਮੇਰੇ ਨੂੰ ਕੀਲ ਲਿਆ ।
ਸਨ ਫੁੱਲ ਕਸੁੰਭੜੇ ਦੇ ਅਦਭੁਤ
ਰੰਗਾਂ ਦੀ ਸੋਖ਼ੀ ਨਾਲ ਭਰੇ
ਜਿਹਨਾਂ ਦੇ ਕਾਵਿ ਦੇ ਹੁਸਨ ਅੰਦਰ
ਤੂੰ ਨੱਗ ਅਨੰਤੀ ਖ਼ੂਬ ਜੜੇ ।
ਜਾਂ ਪੜ੍ਹੀ ਆਵਾਜ਼ਾਂ ਦੀ ਕਵਿਤਾ
ਉਸ ਕਾਵਿ-ਸੁਰਤਿ ਝੁਣਿਆ ਦਿਤੀ,
ਤੂੰ ਹੁਸਨ ਦੇ ਕੇਸੀਂ ਹੰਝੂ ਜੜੇ
ਪੂਰਬ ਦੀ ਨੈਂ ਮਹਿਕਾ ਦਿਤੀ ।
ਤੂੰ ਰਚਕੇ ਬੂਹੇ ਇਲਹਾਮੀ
ਝਟ ਹੀ ਤਾਂ ਕਾਲ ਮੁਕਤ ਹੋਇਆ-
ਪਰ ਸਾਡੇ ਕਾਵਿ ਜਹਾਨ ਵਿਚੋਂ
ਜਿਉਂ ਸਦਾ ਲਈ ਸੂਰਜ ਮੋਇਆ ।
ਤੂੰ ਜੁਗ ਕਵੀ ਇਕ ਐਸਾ ਸੀ
ਜਿਸ ਕਾਵਿ-ਗ੍ਰੰਥ ਮਹਾਨ ਰਚੇ
ਜਿਨ੍ਹਾਂ ਦੀ ਹਰ ਇਕ ਸਤਰ ਨਾਲ
ਦਿਲ ਉਛਲ ਉਛਲਕੇ ਪਿਆ ਨੱਚੇ ।
ਤੂੰ ਸਾਡਾ ਕੌਮੀ ਸ਼ਾਇਰ ਹੈਂ

ਵਡ ਕਵੀ ਹੈਂ ਪੰਜ ਦਰਿਆਵਾਂ ਦਾ
ਤੂੰ ਗੀਤ ਅਨੂਪ ਮੁਹੱਬਤ ਦਾ
ਇਕ ਰਾਗ ਸਦੀਵ ਝਨਾਵਾਂ ਦਾ !

## ਰੂਪ ਦੇ ਹੰਝ

ਲੁਕੇ ਨੇ ਸਾਡੀਆਂ ਪਲਕਾਂ ਦੇ ਵਿਚ
ਕੁਝ ਰੂਪ ਦੇ ਹੰਝੂ
ਅਨੇਕਾਂ ਵਾਰ ਉਜੜੇ ਨੇ
ਤੇ ਲੱਖਾਂ ਵਾਰ ਸ਼ਿੰਗਾਰੇ ।
ਅਸਾਨੂੰ ਆਖਦੀ ਸੀ ਆਤਮਾ
ਬਲਹੀਣ ਨਾ ਹੋਈਏ,
ਅਸਾਡੇ ਚੰਨ ਜੇ ਰੋਸ਼ਨ
ਤਾਂ ਡੁੱਬੇ ਕਿਸ ਤਰ੍ਹਾਂ ਤਾਰੇ ?
ਅਨੇਕਾਂ ਵਾਰ ਸੂਲੀ ਤੇ
ਗਏ ਜੇਕਰ ਅਸੀਂ ਚਾੜ੍ਹੇ,
ਹਜ਼ਾਰਾਂ ਵਾਰ ਹਾਂ ਜਿੱਤੇ
ਕਰੋੜਾਂ ਵਾਰ ਜੇ ਹਾਰੇ !
ਨਿਵੇਂ ਧਰਤੀ ਅਸਾਂ ਅਗੇ
ਤੇ ਅੰਬਰ ਕਰ ਰਿਹਾ ਸਿਜਦੇ,
ਅਸਾਡੀ ਦੀਦ ਨੂੰ ਤਰਸਣ
ਰਵੀ ਇਸ ਵਿਸ਼ਵ ਦੇ ਸਾਰੇ !

## ਸੂਰਜੀ ਰੰਗ

ਇਕੋ ਮੇਰਾਂ ਰੰਗ ਸੂਰਜੀ
ਬਾਕੀ ਰੰਗ ਨੇ ਪ੍ਰਾਹੁਣੇ ਆਏ !
ਹੁਸਨਾਂ ਦੇ ਹੱਟ ਦੇ ਉਤੇ
ਅਸਾਂ ਇਸ਼ਕਾਂ ਦੇ ਲਾਂਬੂ ਲਾਏ !!

## ਮਹਾਨ ਲੈਨਿਨ

ਮਹਾਨ ਲੈਨਿਨ ਤਿਰੇ ਜਲੋ ਨੂੰ
ਅਨੇਕ ਵਾਰੀ ਸਲਾਮ ਮੇਰਾ
ਤੂੰ ਜੁੱਗ ਨੂੰ ਦਿਤੇ ਨਵੇਂ ਇਰਾਦੇ
ਨਵੇਂ ਅਦਰਸ਼ਾਂ ਦਾ ਨਾਦ ਤੇਰਾ ।

ਤੂੰ ਜੱਗ 'ਚੋਂ ਟੋਏ ਤੇ ਟਿੱਬੇ ਮੇਟੇ
ਸਮਾਨ ਕੀਤਾ ਸੀ ਹਰ ਪ੍ਰਾਣੀ,
ਸੀ ਜੜ੍ਹ ਤੂੰ ਪੁੱਟੀ ਸਿਤਮ ਦੀ ਐਸੀ
ਉਧੇੜ ਦਿਤੀ ਸ਼ਾਹਾਂ ਦੀ ਤਾਣੀ !

ਮਹਾਨ ਮਾਨਵ ਸੈਂ ਤੂੰ ਸਮੇਂ ਦਾ
ਗ਼ਰੀਬ ਲੋਕਾਂ ਦਾ ਸੈਂ ਸਹਾਰਾ
ਕਿਸਾਨ ਤੇਰੇ ਨੇ ਗੀਤ ਗਾਉਂਦੇ
ਹਰੇਕ ਕਾਮੇ ਦਾ ਤੂੰ ਹੀ ਨਾਹਰਾ !

ਹਜ਼ਾਰਾਂ ਪੈਰੀਂ ਤੂੰ ਤਾਜ ਰੋਲੇ

ਹਜ਼ਾਰਾਂ ਡਿੱਗੇ ਮਹੱਲ ਭਾਰੇ
ਜੁਗਾਂ ਤੋਂ ਜੋ ਸੀ ਰਹੇ ਹਨੇਰੇ
ਛਿਣਾਂ 'ਚ ਰੋਸ਼ਨ ਹੋਏ ਉਹ ਢਾਰੇ ।

ਬਹਾਰ ਆਈ ਜਹਾਨ ਅੰਦਰ
ਤਿਰੇ ਪਕੇਰੇ ਇਰਾਦਿਆਂ ਤੋਂ
ਕਰੋੜ ਨੈਣਾਂ 'ਚ ਰੌਸ਼ਨੀ ਹੈ
ਤਿਰੇ ਮਧੁਰ ਮਧੁਰ ਵਾਅਦਿਆਂ ਤੋਂ ।

ਤਿਰੀ ਮੈਂ ਸ਼ਕਤੀ ਦਾ ਹਾਂ ਉਪਾਸ਼ਕ
ਜਿਨ੍ਹੇ ਸੀ ਮੋੜੇ ਸਮੇਂ ਦੇ ਧਾਰੇ
ਜਹਾਨ ਅੰਦਰ ਤਿਰੀ ਕ੍ਰਾਮਤ
ਨੂੰ, ਯਾਦ ਕਰਦੇ ਨੇ ਲੋਕ ਸਾਰੇ ।

## ਪੰਜਾਬ

ਪੰਜਾਬ ਹੈ ਸਭਿਅਤਾ ਦਾ ਸੋਮਾ
ਇਤਿਹਾਸ ਇਹਦਾ ਸ਼ਕਤੀ ਭਰਿਆ,
ਇਹ ਆਦਿ ਭੂਮ ਹੈ ਮਾਨਵ ਦੀ
ਲੱਖ ਸਾਗਰ ਕਸ਼ਟਾਂ ਦਾ ਤਰਿਆ ।
ਇਹ ਵੇਦਾਂ ਦੀ ਉਹ ਧਰਤੀ ਹੈ।
ਆਗਸਤ ਰਿਸ਼ੀ ਜਿਸਦਾ ਗਹਿਣਾ,
ਏਥੋਂ ਦੇ ਲੋਕਾਂ ਸਿਖਿਆ ਹੈ
ਸੂਰਜ ਦੇ ਵਾਂਗ ਜਗੇ ਰਹਿਣਾ ।
ਇਹ ਨਾਦ ਸਦੀਵੀ ਕਵਿਤਾ ਦਾ
ਸੀ ਬਾਲਮੀਕ ਜਿਸਨੇ ਜਣਿਆ,

ਇਹ ਧਣੁਸ਼ ਸਦੀਵੀ ਗੌਰਵ ਦਾ
ਜੋ ਆਦਿ ਕਾਲ ਤੋਂ ਹੈ ਤਣਿਆ।
ਏਥੇ ਹੀ ਗੀਤਾ ਰਚੀ ਗਈ
ਏਥੇ ਹੀ ਗਏ ਪੁਰਾਣ ਰਚੇ,
ਏਥੇ ਹੀ ਭੀਸ਼ਮ, ਦ੍ਰੋਣ ਜਹੇ
ਯੋਧੇ ਬਲਵਾਨ ਮਹਾਨ ਸਜੇ ।
ਸਨ ਲਵ ਤੇ ਕਸ਼ ਮਹਾਂ ਪੁਤਰ
ਸੀ ਕਾਲ ਜਿਨ੍ਹਾਂ ਹੱਥ ਵਿਚ ਲੀਤਾ,
ਇਕ ਪੋਰਸ ਸੀ ਬਲਵਾਨ ਇਹਦਾ
ਜਿਸ ਵੇਗ ਸਕੰਦਰ ਦਾ ਪੀਤਾ ।
ਇਕ ਪੂਰਨ ਜੋਗ ਦਾ ਨੇਤਰ ਸੀ
ਤੇ ਕੋਈ ਰਸਾਲੂ ਬਲੀ ਹੋਇਆ,
ਜਿਸਦੇ ਸਭ ਵੈਰੀ ਮਾਤ ਹੋਏ
ਇਕ ਤਾਰਾ ਲੱਖ ਰੰਗਾਂ ਭਰਿਆ।
ਹਨ ਸਤਿਲੁਜ ਅਤੇ ਝਨਾਬ ਇਹਦੇ
ਜਿਹਲਮ ਤੇ ਬਿਆਸ ਅਨੰਤ ਵਹਿਣ,
ਇਹ ਚਾਰੇ ਰਾਵੀ ਨਾਲ ਮਸਤ
ਇਕ ਵਰਿਅੰਮਤਾ ਦੀ ਪੀੜ ਸਹਿਣ !
ਇਹ ਜਮਨਾ ਤੋਂ ਆਮੂ ਤੀਕਰ
ਇਕ ਸਭਿਆਚਾਰ ਮਹਾਨ ਜਿਹਾ,
ਇਸ ਵਿਚ ਲਾਹੌਰ ਤੇ ਅੰਮ੍ਰਿਤਸਰ
ਭਰਦੇ ਨੇ ਰੰਗ ਸੁਜਾਨ ਜਿਹਾ।
ਇਸਦੇ ਰੰਗਾਂ ਤੇ ਰੂਪਾਂ ਦੀ
ਅਲਮਸਤ ਜਹੀ ਦੁਨੀਆਂ ਵਸਦੀ
ਰਸ-ਧਾਰ ਜਹੀ ਇਕ ਜੋਬਨ ਦੀ
ਕੁਲ ਆਲਮ ਨੂੰ ਨਸ਼ਿਆ ਦੇਂਦੀ ।
ਏਥੇ ਹੀ ਸ਼ੇਖ਼ ਫ਼ਰੀਦ ਕਦੇ
ਸਚ ਬਾਣੀ ਦੇ ਵਿਚ ਭਰਿਆ ਸੀ,
ਏਥੇ ਹੀ ਸੂਫ਼ੀ ਦਰਵੇਸ਼ਾਂ

ਕਵਿਤਾ ਦਾ ਦਰਿਆ ਤਰਿਆ ਸੀ।
ਫਿਰ ਏਥੇ ਨਾਨਕ ਪ੍ਰਗਟਿਆ
ਜਿਸ ਜੁੱਗ ਨਵਾਂ ਪਲਟਾ ਦਿੱਤਾ,
ਗੋਬਿੰਦ ਗੁਰੂ ਦੇ ਤੀਰਾਂ ਨੇ
ਨ੍ਹੇਰੇ ਦਾ ਕੋਟ ਫ਼ਨਾਹ ਕੀਤਾ ।
ਫਿਰ ਬੰਦਾ ਸਿੰਘ ਬਹਾਦਰ ਨੇ
ਸਰਹਿੰਦ ਨੂੰ ਪੈਰੀਂ ਰੋਲ ਦਿੱਤਾ
ਤੇ ਮਹਾਰਾਜ ਰਣਜੀਤ ਬਲੀ
ਇਕ ਰਾਜ-ਪੰਜਾਬੀ ਝੋਲ ਦਿਤਾ ।
ਇਸਦੇ ਸਾਹਾਂ ਵਿਚ ਮਹਿਕ ਰਹੀ
ਹੈ ਵਾਰਿਸਸ਼ਾਹ ਦੀ ਹੀਰ ਅਜੇ
ਇਸਦੇ ਸੰਗੀਤ ਤੇ ਕਾਵਿ ਜਹੀ
ਨਾ ਲਿਖੀ ਗਈ ਤਕਦੀਰ ਅਜੇ ।
ਏਥੋਂ ਦੇ ਦੁੱਲਾ ਭੱਟੀ ਦੀ
ਗਾਉਂਦੇ ਨੇ ਲੋਕੀ ਵਾਰ ਅਜੇ
ਉਸਦੇ ਅਣਖੀਲੇ ਜੀਵਨ ਦੀ
ਕਣ ਕਣ ਦੇ ਵਿਚ ਟੁਣਕਾਰ ਅਜੇ ।
ਲੱਖਾਂ ਹੀ ਇਹਦੇ ਸ਼ਹੀਦਾਂ ਨੇ
ਇਸ ਧਰਤੀ ਨੂੰ ਰੁਸ਼ਨਾਇਆ ਹੈ
ਦੁਨੀਆਂ ਦੇ ਨਕਸ਼ੇ ਦੇ ਉੱਤੇ
ਇਕ ਖੰਡਾ ਕਾਲ ਦਾ ਵਾਹਿਆ ਹੈ ।
ਜੋ ਅਮਰ ਜੁੱਗਾਂ ਤੋਂ ਹੋਏ ਨੇ
ਉਹ ਰਿਸ਼ੀ ਰਹੇ ਮਹਿਕਾਂ ਭਰਦੇ,
ਲੱਖਾਂ ਹੀ ਆਸ਼ਕ ਹੀਰਾਂ ਦੇ
ਨਿਤ ਨੈਂ ਝਨਾਂ ਨੂੰ ਰਹੇ ਤਰਦੇ ।
ਇਹ ਧਰਤੀ ਜਿੱਥੇ ਪਿਆਰਾਂ ਦੀ
ਮੈਂ ਖੇਡੀ ਖੇਡ ਅਨੰਤ ਜਿਹੀ ।
ਇਹ ਜੋਤੀ ਨਿੱਘ ਤੇ ਚਾਨਣ ਦੀ
ਮਹਿਬੂਬ ਵਾਂਗ ਰਸਵੰਤ ਜਿਹੀ।
ਇਸਦੇ ਸਾਹਾਂ ਵਿਚ ਸਾਹ ਮੇਰੇ

ਇਸਦੇ ਅੰਗਾਂ ਵਿਚ ਜਿੰਦ ਮੇਰੀ
ਇਹ ਆਦਿ ਕਾਲ ਦੀ ਸਰਸਵਤੀ
ਜਿਸ ਤੋਂ ਤੁਰਦੀ ਹੈ ਬਿੰਦ ਮੇਰੀ ।
ਹੈ ਸਦਾ ਸਦਾ ਲਈ ਕਾਇਮ ਇਹਦੀ
ਆਭਾ ਤੇ ਪ੍ਰਭੁਤਾ ਲਾਸਾਨੀ
ਹੈ ਇਸਦੇ ਰੰਗਾਂ ਵਿਚ ਭਰੀ
ਇਕ ਜੋਤ ਅਨੂਪਮ ਲਾਵਾਨੀ !

## ਗੁਰੂ ਤੇਗ਼ ਬਹਾਦਰ

ਇਕ ਨੂਰ ਚਾਂਦਨੀ ਚੌਕ ਅੰਦਰ
ਆਇਆ ਸੀ ਸੀਸ ਕਟਾਣ ਲਈ,
ਉਸ ਆਪਣੀ ਹੋਂਦ ਮਿਟਾ ਦਿਤੀ
ਕੁਲ ਜਗ ਦੇ ਦਰਦ ਹੰਢਾਣ ਲਈ।
ਉਹ ਮਜ਼ਲੂਮਾਂ ਦੀ ਰਖਿਆ ਲਈ
ਇਕ ਰਹਿਬਰ ਦੂਰੋਂ ਧਾਇਆ ਸੀ,
ਕੁਲੀਆਂ ਵਿਚ ਨੂਰ ਪੁਚਾਣ ਲਈ
ਨਵ-ਸੂਰਜ ਚੜ੍ਹਕੇ ਆਇਆ ਸੀ ।
ਸੀ ਤੇਗ਼ ਬਹਾਦਰ ਦੀ ਸ਼ਕਤੀ
ਜਿਸ ਹਿੰਦ ਤੇ ਚਾਦਰ ਤਾਣ ਦਿਤੀ
ਭਾਰਤ ਦੀ ਸ਼ਾਨ ਬਚਾਣ ਲਈ
ਉਸ ਹੱਸਕੇ ਜਿੰਦੜੀ ਦਾਨ ਦਿਤੀ।
ਉਹ ਧਰਮ ਸ਼ਰਮ ਦਾ ਰਾਖਾ ਸੀ
ਤੇ ਕਰਮ ਸੀ ਉਸਦੀ ਟੇਕ ਬਣੀ
ਉਹ ਐਸੀ ਕਾਇਆ ਸੀ ਅਦਭੁਤ
ਜੋ ਕਿਸੇ ਮਾਤ ਨੇ ਨਹੀਂ ਜਣੀ ।
ਉਸ ਤਕਦੀਰਾਂ ਦੀ ਆਭਾ ਵਿਚ
ਇਕ ਨਵੀਂ ਹੀ ਆਨ ਤੇ ਸ਼ਾਨ ਭਰੀ,
ਇਕ ਦੈਵੀ ਜੋਤ ਜਗਾ ਦਿਤੀ

ਜੋ ਕੁਲ ਸਮਿਆਂ ਤੋਂ ਨਹੀਂ ਮਰੀ ।
ਇਸ ਬਲੀ ਚਿਣਗ ਦੇ ਭਾਂਬੜ ਤੋਂ
ਜ਼ਾਲਮ ਦਾ ਰਾਜ ਮਸਾਣ ਹੋਇਆ।
ਉਸਦੀ ਗੋਬਿੰਦ ਪ੍ਰਤਿਭਾ ਤੋਂ
ਹਰ ਲਘੂ ਮਨੁਖ ਮਹਾਨ ਹੋਇਆ ।
ਉਸ ਵਹਿਣ ਸਮੇਂ ਦਾ ਮੋੜ ਦਿਤਾ,
ਹੋ ਕੇ ਕੁਰਬਾਨ ਗ਼ਰੀਬਾਂ ਤੋਂ ।
ਜੁਗਾਂ ਦੀ ਕਾਲਖ ਮੇਟ ਦਿਤੀ
ਉਸ ਸਹਿਮੇ ਹੋਏ ਨਸੀਬਾਂ ਤੋਂ ।

## ਅੰਮ੍ਰਿਤਸਰ

ਹੇ ਮਹਾਨ ਸ਼ਕਤੀਆਂ ਦੇ ਘੜਨਹਾਰ
ਤੇਰਾ ਜੁਗਾਂ ਤੋਂ ਪਸਾਰ ।
ਤੂੰ ਸਦੀਵੀ ਰੂਪ ਹੈਂ
ਨਾਮ ਦਾ ਤੇ ਜਾਪੁ ਦਾ
ਅਮਰਤਾ ਦੀ ਛਾਪ ਦਾ ।
ਤੇਰਾ ਰਾਮ ਨਾਲ ਪਿਆਰ
ਲਵ ਤੇ ਕੁਸ਼ ਤਿਰੀ ਨੁਹਾਰ
ਤੂੰ ਹੀ ਆਦਿ ਕਵੀ ਦੇ
ਸਾਂਭ ਰਖੇ ਕਾਵਿ-ਹਾਰ
ਏਸ ਸੁੰਦਰ ਧਰਤ ਨੂੰ
ਪਾਂਡਵਾਂ ਲਗਾਏ ਭਾਗ
ਆਦਿ ਗੁਰੂ ਦਾ ਵੀ ਏਥੇ
ਗੂੰਜਿਆ ਮਹਾਨ ਰਾਗ ।
ਚੌਥੇ ਗੁਰੂ ਬਖ਼ਸ਼ ਦਿਤੀ
ਨਵੀ, ਆਬ ਤਾਬ
ਨਵਾਂ ਹੀ ਸ਼ਬਾਬ ।
ਸਾਜ ਦਿਤਾ ਅਮਰ ਸਰ

ਤੇ ਨਗਰ ਮਹਾਨ ਵੀ
ਤੋੜ ਦਿਤੇ ਜੁਗਾਂ ਵਾਲੇ
ਬੰਧਨਾਂ ਦੇ ਤੰਦ
ਤੇ ਕੂੜ ਫੰਦ !
ਨਵਾਂ ਰਵੀ ਉਗਮਿਆ
ਨਵਾਂ ਰਾਗ ਛਿੜ ਪਿਆ ।
ਗੂੰਜ ਉੱਠੀ ਵਿਸ਼ਵ ਦੇ
ਕ੍ਰੋੜ ਅੰਬਰਾਂ ਤੋਂ ਪਾਰ,
'ਧਰਤ ਉਤੇ ਥਾਪ ਦਿਤਾ
ਹਰੀ ਦਾ ਦਵਾਰ ।'
ਸਿਰਜ ਦਿਤਾ ਹਰਿ ਦਾ ਮੰਦਰ
ਇਕ ਨਿਰਾਲੀ ਕਰਾਮਾਤ,
ਬੇਨਜ਼ੀਰ ਜਗ ਵਿਚ
ਇਕ ਅਨੂਠੀ ਪਰਮ ਦਾਤ ।
ਹੇ ਇਲਾਹੀ ਨੂਰ ਦੀ ਮਹਾਨ ਕਾਂਗ
ਤੂੰ ਹੈਂ ਸਾਡਾ ਮਾਨ ਤਾਨ ।
ਤੂੰ ਹੀ ਗਿਆਨ ਦਾ ਭੰਡਾਰ
ਤੂੰ ਹੀ ਕਲਾ ਦਾ ਪਸਾਰ
ਤੂੰ ਹੀ ਸਾਹਿਤ ਦੀ ਉਮੰਗ
ਤੂੰ ਹੀ ਕਾਵਿ ਦੀ ਤਰੰਗ ।
ਤੂੰ ਸੁਤੰਤਰਤਾ ਦੀ ਜੰਗ ਦਾ
ਮਹਾਨ ਨਾਇਕ ਵੀ ।
ਤੂੰ ਅਨੇਕਾਂ ਝਖੜਾਂ ਨੂੰ ਝੱਲਿਆ
ਤੇ ਵੈਰੀਆਂ ਨੂੰ ਠਲ੍ਹਿਆ ।
ਤੂੰ ਸਮੇਂ ਤੋਂ ਮੁਕਤ ਵੀ
ਤੇ ਤੂੰ ਸਮੇਂ ਦੇ ਹਾਣ ਦਾ
ਤੂੰ ਪੰਜਾਬ ਦਾ ਜਹਾਜ਼
ਅਮਰਤਾ ਦੇ ਪਾਣੀਆਂ 'ਚ ਤੈਰਦਾ । .
ਤੂੰ ਹੈ ਅਮਰ ਰਾਗਣੀ

ਤੂੰ ਸਦੀਵ ਰੌਸ਼ਨੀ
ਤੇਰੇ ਨੂਰ ਨੂੰ ਸਲਾਮ
ਤੇਰੇ ਤੁਰ ਨੂੰ ਸਲਾਮ !

## ਫਿਰ ਕਰੂਕਸ਼ੇਤਰ ਵਿਚ

ਫਿਰ ਕੁਰੂਕਸ਼ੇਤਰ ਵਿਚ
ਇਕ ਨਾਦ ਪਿਆ ਗੂੰਜੇ ।
ਇਕ ਬਾਣੀ ਮਹਿਕ ਰਹੀ
ਉਸ ਕ੍ਰਿਸ਼ਨ ਸਜੀਲੇ ਦੀ
ਉਹ ਕ੍ਰਿਸ਼ਨ ਜੋ ਸੂਰਜ ਸੀ ।
ਇਕ ਕਰਮ ਦੀ ਜੋਤੀ ਹੈ
ਇਕ ਨੂਰ ਪਿਆ ਪਸਰੇ,
ਇਕ ਸ਼ਕਤੀ ਪ੍ਰਗਟ ਹੈ
ਇਕ ਲੋਅ ਵਰਿਅੰਮਤਾ ਦੀ ।

ਫਿਰ ਕੁਰੂਕਸ਼ੇਤਰ ਵਿਚ
ਇਹ ਉਸਦੀ ਲੀਲ੍ਹਾ ਹੈ
ਜੋ ਆਪ ਹੀ ਸਿਰਜਕ ਹੈ
ਤੇ ਆਪ ਫ਼ਨਾਹ ਕਰਦਾ ।

ਇਕ ਲਾਲ ਹਨੇਰੀ ਹੈ
ਇਕ ਤਾਂਡਵ ਨਿਰਤ ਜਿਹਾ
ਇਕ ਮੌਤ ਦਾ ਖੋਰੂ ਹੈ
ਇਕ ਜੀਵਨ ਖੇਡ ਜਹੀ ।

ਇਹ ਕੇਹੀ ਕਰਾਮਤ ਹੈ
ਇਹ ਕੇਹਾ ਨਜ਼ਾਰਾ ਹੈ ?
ਫਿਰ ਕੁਰੂਕਸ਼ੇਤਰ ਵਿਚ
ਇਕ ਨਾਦ ਪਿਆ ਗੂੰਜੇ ।

## ਦੁਨੀਆ

ਤੁਸੀਂ ਹੋ ਆਖਦੇ
ਤਦਬੀਰ ਦਾ ਫੁੱਲ
ਆਦਿ ਤੋਂ ਕਾਲਾ
ਤੇ ਮੈਂ ਹਾਂ ਆਖਦਾ
ਕਿ ਕਰਮ ਦਾ ਫੁੱਲ
ਸਦਾ ਹੀ ਸੂਹਾ !
ਤੁਸੀਂ ਤਾਂ ਜ਼ਿੰਦਗੀ ਨੂੰ
ਮੱਸਿਆ ਦੀ ਰਾਤ ਕਹਿੰਦੇ ਹੋ
ਤੇ ਮੈਂ ਹਾਂ ਆਖਦਾ
ਕਿ ਜ਼ਿੰਦਗੀ ਹੈ ਨੂਰ ਦੀ ਧਾਰਾ !!
ਤੁਸੀਂ ਹੋ ਆਖਦੇ
ਇਹ ਜ਼ਿੰਦਗੀ ਦੁੱਖਾਂ ਵਿਆਹੀ ਹੈ
ਇਹਦੇ ਵਿਚ ਘੋਰ ਚਿੰਤਾ
ਤੇ ਉਦਾਸੀ ਦੀ ਸਿਆਹੀ ਹੈ।
ਤੁਸਾਂ ਹੈ ਆਖਿਆ
ਨਾ ਰੱਜ ਭੋਗੋਂ ਰੋਜ ਜੀਵਨ ਨੂੰ
ਤਿਆਗੋ ਹਰ ਘੜੀ ਹਰ ਚੀਜ਼ ਨੂੰ
ਇੱਕ ਇੱਕ ਚਾਨਣ ਨੂੰ !
ਮਿਰਾ ਕਹਿਣਾ ਹੈ
ਦੁਨੀਆਂ ਸਵਰਗ ਤੋਂ ਵੀ ਵੱਧ ਸੋਹਣੀ ਹੈ ।
ਇਹ ਮਾਂ ਵੀ ਹੈ ਅਤੇ ਹੁਸ਼ਨਾਕ ਵੀ
ਹਰ ਰੂਪ ਮੋਹਨੀ ਹੈ !!
ਹਜ਼ਾਰਾਂ ਫਿਰਦੀਆਂ ਹੂਰਾਂ ਨੇ
ਹਿੱਕ ਤੇ ਫੁੱਲ ਲਟਕਾਈ
ਹਵਾ ਮਹਿਕਾਂ ਭਰੀ ਵਗਦੀ
ਜਵਾਨੀ ਸਦਾ ਨਸ਼ਿਆਈ
ਖ਼ੁਦੀ ਤੇ ਕਰਮ ਤੋਂ ਹੀ ਹੈ

ਮਨੁੱਖ ਦੀ ਸੂਰਜੀ ਕਾਇਆ
ਮੁਹੱਬਤ ਦੇ ਤਲਿਸਮਾਂ ਦੀ
ਅਨੋਖੀ ਹੈ ਸਦਾ ਮਾਇਆ ।
ਅਸਾਂ ਆਕਾਸ਼ ਗਾਹਣੇ ਨੇ
ਪੁਲਾੜਾਂ ਦੀ ਹਰਿਕ ਧਰਤੀ,
ਅਸਾਡੀ ਤਾਰਿਆਂ ਦੇ ਨਾਲ
ਜੁੜਦੀ ਰੋਜ਼ ਹੈ ਸੁਰਤੀ ।
ਅਸਾਂ ਜਾਣਾ ਤੁਹਾਡੇ ਨਾਲ
ਜੰਨਤ ਦੇ ਦਵਾਰਾਂ ਤੇ
ਸਦਾ ਮਾਨਵ ਦੀ ਜੈ ਹੋਣੀ
ਵਿਸ਼ਵ ਦੇ ਕੁਲ ਪਸਾਰਾਂ ਤੇ ।

## ਸਰਬਕਾਲ

ਸਰਬਕਾਲ ਸੂਰਜ ਦੀ ਬਾਣੀ
ਸਰਬਕਾਲ ਤੋਂ ਰਾਮ ਕਹਾਣੀ।
ਸਰਬਕਾਲ ਹੈ ਆਪ ਜਵਾਨੀ
ਸਰਬਕਾਲ ਤੋਂ ਅਮਰ ਭਵਾਨੀ ।
ਸਰਬਕਾਲ ਚੰਦਰਮਾ ਗਾਵੇ
ਸਰਬਕਾਲ ਬ੍ਰਹਿਮੰਡ ਧਿਆਵੇ ।
ਸਰਬਕਾਲ ਤੋਂ ਜੀਵਨ ਪ੍ਰੀਤੀ
ਸਰਬਕਾਲ ਤੋਂ ਮੈਥੁਨ ਰੀਤੀ।
ਸਰਬਕਾਲ ਤੋਂ ਨੂਰ ਅਗੰਮੀ
ਸਰਬਕਾਲ ਤੋਂ ਕਵਿਤਾ ਜੰਮੀ !
ਸਰਬਕਾਲ ਤੋਂ ਜੰਮਣਾ, ਮਰਨਾ
ਸਰਬਕਾਲ ਤੋਂ ਪੁਨਰ ਸਿਰਜਨਾ ।
ਸਰਬਕਾਲ ਤੋਂ ਰਾਗ ਇਲਾਹੀ
ਸਰਬਕਾਲ ਤੋਂ ਮਿਲਦੇ ਮਾਹੀ
ਸਰਬਕਾਲ ਅੱਗਾਂ ਦਾ ਪਰਸਣ

ਸਰਬਕਾਲ ਮਹਿਕਾਂ ਦਾ ਵਿਗਸਣ !
ਸਰਬਕਾਲ ਤੋਂ ਜੋਬਨ ਮੇਲੇ
ਸਰਬਕਾਲ ਤੋਂ ਨੈਣ ਵਿਚੋਲੇ ।
ਸਰਬਕਾਲ ਫੁੱਲਾਂ ਦਾ ਉਪਬਨ
ਸਰਬਕਾਲ ਊਸ਼ਾ ਦਾ ਸਿਮਰਨ ।
ਸਰਬਕਾਲ ਤੋਂ ਸਫ਼ਰ ਅਨੰਤੀ
ਸਰਬਕਾਲ ਤੋਂ ਭਾਲ ਹੈ ਉਸਦੀ !
ਸਰਬਕਾਲ ਮੇਰਾ ਪਿਆਰ ਸਦੀਵੀ
ਸਰਬਕਾਲ ਤੋਂ ਮਿੱਟੀ ਖੀਵੀ !!

## ਤੁਰੇ ਹਨ ਕਾਫ਼ਲੇ ਵਾਲੇ

ਤੁਰੇ ਹਨ ਕਾਫ਼ਲੇ ਵਾਲੇ.....
ਹਜ਼ਾਰਾਂ ਸੂਰਜਾਂ ਨੂੰ ਹਿਰਦਿਆਂ ਦੇ ਵਿਚ ਲੋਕ ਕੇ
ਜਵਾਨੀ ਦੇ ਰਸਾਂ ਦੀ ਲਹਿਰਦੀ ਖ਼ੁਸ਼ਬੋ ਸਮੇਂ ਕੇ
ਹਜਾਰਾਂ ਨਫ਼ਰਤਾਂ ਦੇ ਜ਼ਿੰਦਗੀ ਤੋਂ ਦਾਗ ਧੋ ਕੇ
ਕਰੋੜਾਂ ਹੀ ਸਿਤਾਰੇ ਸੋਹਜ ਮਾਰਗ ਤੇ ਖਲੋਏ ।

ਹਾਂ ਪਿਆਰਾਂ ਦੀ ਨਵੀਂ ਤਕਦੀਰ ਦੇ ਅਜ ਦਰ ਤੇ ਆਏ
ਹਜ਼ਾਰਾਂ ਹੁਸਨ ਦੇ ਸਾਗਰ ਅਸਾਂ ਝੋਲੀ 'ਚ ਪਾਏ
ਕਰੋੜਾਂ ਚੰਦਰਮਾ ਸਾਡੇ ਅਣੂ-ਖੇਤਰ ਸਮਾਏ
ਅਸਾਡੀ ਤੜਪ ਨੇ ਲੱਖਾਂ ਹੁਸਨ ਛਿਣ ਵਿਚ ਹੰਢਾਏ
ਅਸਾਡੀ ਰੀਝ ਹੈ ਕਿ ਰੂਪ ਸਭ ਦੁਨੀਆਂ ਦਾ ਗਾਏ ।
ਅਸਾਡੀ ਅਣਖ ਤੋਂ ਹੀ ਇਨਕਲਾਬਾਂ ਦੇ ਨੇ ਸਾਏ
ਅਗੰਮੀ ਨੂਰ ਦੀ ਵਰਖਾ ਦਿਲਾਂ ਵਿਚ ਰੋਜ਼ ਹੋਏ।

ਅਨੇਕਾਂ ਰਾਗ ਜੁਗ-ਸੰਖਾਂ ਦੇ ਸਾਡੀ ਬਿੰਦ ਅੰਦਰ
ਅਸਾਡੇ ਹਰ ਕਦਮ ਹੇਠਾਂ ਕਰੋੜਾਂ ਨੇ ਸਕੰਦਰ
ਅਸਾਡੀ ਸਿਰਜਨਾ ਦੇ ਹਰ ਅਣੂ ਵਿੱਚ ਨਾਦ ਸੁੰਦਰ

ਅਸੰਖਾਂ ਜੋਗ ਦੇ ਸਾਡੇ ਦਿਲਾਂ ਵਿਚ ਹੈਣ ਮੰਦਰ
ਅਨੰਤੀ ਏਕਤਾ ਦੀ ਡੋਰ ਵਿਚ ਸਾਰੇ ਪਰੋਏ ।
ਹੈ ਸੂਰਜ-ਚਿਤ੍ਰ ਸੋਹਣਾ ਕਹਿਕਸ਼ਾਂ ਦੀ ਵੰਗ ਵਾਲਾ
ਅਸਾਡੀ ਚੇਤਨਾ ਵਿਚ ਓਸਦਾ ਹਰਦਮ ਉਜਾਲਾ ।
ਅਸਾਡੀ ਅਗਨ-ਸੂਰਤ ਅਮਰਤਾ ਦਾ ਹੈ ਪਿਆਲਾ
ਅਸਾਡੀ ਹੋਂਦ ਹੈ ਬਸ ਕਾਲ ਦੇ ਲਈ ਇਕ ਜਵਾਲਾ
ਅਸਾਡੇ ਸਾਹਮਣੇ ਰਾਖਸ਼ ਬਣੇ ਮਿਰਤੂ ਦੇ ਢੋਏ ।
ਤੁਰੇ ਹਨ ਕਾਫ਼ਲੇ ਵਾਲੇ ..........

## ਇਹ ਹਿੰਦ ਦੇਸ਼ ਸਾਡਾ

ਇਹ ਹਿੰਦ ਦੇਸ਼ ਸਾਡਾ
ਤਹਿਜ਼ੀਬ ਜਿਦ੍ਹੀ ਅੰਦਰ
ਜੁੱਗਾਂ ਜੁਗਾਂਤਰਾਂ ਤੋਂ
ਇਖ਼ਲਾਕ ਦੀ ਸਿਖਰ ਨੇ
ਰੰਗ ਰੂਪ ਨੇ ਸਜਾਏ।
ਇਹ ਪਰਿਸਤਾਨ ਸਾਡਾ
ਇਸਦੀ ਡਲ੍ਹਕ ਅਨੰਤੀ
ਇਸਦੀ ਸ਼ਕਤ ਅਗੰਮੀ
ਇਸਦੀ ਭੁਜਾ ਦੇ ਬਲ ਨੇ
ਚੰਗੇਜ਼ ਤੋਂ ਵੀ ਵੱਡੇ
ਮਿੱਟੀ ਦੇ ਵਿਚ ਰੁਲਾਏ ।
ਇਹ ਗੁਲਸਤਾਨ ਸਾਡਾ
ਮਹਿਕਾਂ ਦਾ ਇਕ ਸਮੁੰਦਰ,
ਅਸ਼ੋਕ ਜਹੇ ਪੁਸ਼ਪ ਇਸ
ਦੁਨੀਆ ਦੀ ਝੋਲੀ ਪਾਏ।
ਇਹ ਕਾਰਵਾਨ ਸਾਡਾ
ਚਲਦਾ ਰਿਹਾ ਸਦਾ ਤੋਂ
ਅਮਨਾਂ ਦੇ ਰਸਤਿਆਂ ਤੇ

ਪਿਆਰਾਂ ਦੀ ਕਹਿਕਸ਼ਾਂ ਤੇ ।
ਨਾਨਕ ਤੇ ਬੁਧ ਵਰਗੇ
ਆਗੂ ਰਹੇ ਨੇ ਇਸਦੇ
ਜ਼ਾਲਮ ਤਕੱਬਰੀ ਸਭ
ਕਾਲਖ 'ਚ ਰਹੇ ਮਿੱਟਦੇ ।
ਗਾਂਧੀ ਤੇ ਨਹਿਰੂ ਵਰਗੇ
ਇਸ ਮਹਾਂ ਮਨੁੱਖ ਜੰਮੇ
ਜੋ ਆਫ਼ਤਾਬ ਵਾਕੁਰ
ਸੰਸਾਰ ਅੰਦਰ ਧੁੰਮੇ ।
ਇਹ ਧਰਤ ਯੋਧਿਆਂ ਦੀ
ਇਹ ਦੇਸ਼ ਕਿਰਤੀਆਂ ਦਾ
ਦਸਤੂਰ ਇਸਦਾ ਮੁੱਢ ਤੋਂ
ਅਣਖਾਂ ਦੇ ਨਾਲ ਜੀਣਾ,
ਇਹ ਸੂਰਬੀਰਤਾ ਦਾ
ਸੂਰਜ ਮਹਾਨ ਕੋਈ
ਜਿਸਨੇ ਸ਼ੁਰੂ ਤੋਂ ਸਿਖਿਆ
ਸ਼ਕਤੀ ਦੇ ਰਥ ਤੇ ਚੜ੍ਹਣਾ
ਤੇ ਵੈਰੀ ਭਸਮ ਕਰਨਾ
ਅਗਨੀ ਦੇ ਵਾਂਗ ਬੀਣਾ।
ਲੱਖਾਂ ਹੀ ਝੱਖੜਾਂ ਵਿਚ
ਹਸਤੀ ਨਾ ਇਸਦੀ ਡੋਲੀ
ਜਿਤਕੇ ਵੀ ਹਾਰਦੀ ਰਹੀ
ਜਰਵਾਣਿਆਂ ਦੀ ਟੋਲੀ।
ਹਰ ਵਾਰ ਉਠ ਬੈਠੇ
ਲੱਖਾਂ ਸ਼ਿਵਾ ਦੇ ਯੋਧੇ
ਗੋਬਿੰਦ ਦੇ ਸਿਪਾਹੀ
ਜਿਹਨਾਂ ਨੇ ਦੇਸ਼ ਖ਼ਾਤਰ
ਹੈ ਜਾਨ ਆਪਣੀ ਨੂੰ
ਤਲੀਆਂ ਉਤੇ ਟਿਕਾਇਆ,
ਇਹਨਾਂ ਦੇ ਸਿਰਾਂ ਸਦਕਾ

ਭਾਰਤ ਦੀ ਪ੍ਰਭੁਤਾ ਦਾ
ਸਦੀਆਂ ਦੀ ਹਿੱਕ ਦੇ ਉਤੇ
ਖਿੰਡਿਆ ਰਹੇਗਾ ਸਾਇਆ !
ਇਹ ਹਿੰਦ ਦੇਸ਼ ਸਾਡਾ
ਜਿਸਦੇ ਖ਼ਮੀਰ ਅੰਦਰ
ਮਿੱਟੀ ਮੇਰੇ ਬਦਨ ਦੀ
ਮਿੱਟਕੇ ਕਹੇਗੀ ਇਕ ਦਿਨ-
ਮੈਂ ਜ਼ਿੰਦਗੀ ਨੂੰ ਪਾਇਆ !!

## ਇਕ ਸੂਹਾ ਗੁਲਾਬ ਦਾ ਫੁੱਲ ਜੇਹਾ

ਇਕ ਸੂਹਾ ਗੁਲਾਬ ਦਾ ਫੁੱਲ ਜਿਹਾ
ਸ਼ਾਖ਼ ਸ਼ਾਖ਼ ਮਹਿਕਾ ਕੇ ਚਲਾ ਗਿਆ
ਜਿੰਦਗਾਨੀ ਦੀ ਝੂਮਦੀ ਕਹਿਕਸ਼ਾਂ ਤੇ
ਪਿਆਰ-ਸੇਜ ਵਿਛਾ ਕੇ ਚਲਾ ਗਿਆ ।
ਚੰਦਰ ਬਦਨ ਬਹਾਰ ਦੇ ਆਗਮਨ ਤੇ
ਮੰਦ ਮੰਦ ਮੁਸਕਾ ਕੇ ਚਲਾ ਗਿਆ ।
ਨੂਰ ਰਿਸ਼ਮਾਂ ਦੇ ਨੈਣਾਂ ਦੀ ਅਮਰ ਭੇਟਾ
ਪ੍ਰੀਤ-ਪਾਰਸ ਛੁਹਾ ਕੇ ਚਲਾ ਗਿਆ ।
ਸੁੰਨ ਹੋਈ ਜਵਾਨੀ ਦੀ ਰੱਤ ਅੰਦਰ
ਕਰਮ-ਚਿਣਗਾਂ ਭਖਾ ਕੇ ਚਲਾ ਗਿਆ ।
ਜਾਨ ਤਭਕਦੀ ਸੀ ਜਿਹੜੀ ਹੋਣੀਆਂ ਤੋਂ
ਮਾਲਿਕ ਸਭ ਦੀ ਬਣਾ ਕੇ ਚਲਾ ਗਿਆ !
ਇਨਕਲਾਬਾਂ ਦੀ ਰਾਂਗਲੀ ਹਿੱਕ ਅੰਦਰ
ਇਸ਼ਕ ਲਾਂਬੂ ਲਗਾ ਕੇ ਚਲਾ ਗਿਆ ।
ਪ੍ਰੀਤ ਵਰਗੇ ਸਵਰਗੋਂ ਹੁਸੀਨ ਰਾਹ ਤੇ
ਕ੍ਰਾਂਤੀ ਸੁਪਨ ਬਿਠਾ ਕੇ ਚਲਾ ਗਿਆ ।
ਅੱਜ ਤੋਂ ਜ਼ਿੰਦਗੀ ਨੂੰ ਸਾਰੇ ਦੁੱਖ ਵਿਸਰੇ
ਹੁਸਨ ਨਗ਼ਮੇ ਸੁਣਾ ਕੇ ਚਲਾ ਗਿਆ।

ਇੱਕ ਸੂਹਾ ਗੁਲਾਬ ਦਾ ਫੁੱਲ ਜਿਹਾ
ਸ਼ਾਖ਼ ਸ਼ਾਖ਼ ਮਹਿਕਾ ਕੇ ਚਲਾ ਗਿਆ ।

## ਨਵਾਂ ਮਨੁੱਖ

ਨਵਾਂ ਮਨੁੱਖ ਸੂਰਜੀ
ਮਹਾਨ ਇਸ਼ਕ ਦੀ ਨਦੀ ।
ਨਵਾਂ ਮਨੁੱਖ ਰਹਿਮਤਾਂ ਤੇ ਬਰਕਤਾਂ ਦਾ ਚੰਦਰਮਾ
ਨਵਾਂ ਮਨੁੱਖ ਹੁਸਨ ਦੀ ਸਦੀਵ ਰੂਪ ਕਹਿਕਸ਼ਾਂ ।
ਨਵਾਂ ਮਨੁੱਖ ਜ਼ਿੰਦਗੀ 'ਚ ਖੇੜਿਆਂ ਦਾ ਆਗਮਨ
ਨਵਾਂ ਮਨੁੱਖ ਰਸ. ਰੂਪ, ਰੰਗ ਦਾ ਉਜਾਗਰਨ ।
ਨਵਾਂ ਮਨੁੱਖ ਮਹਿਕਦਾ ਕਰੋੜ ਕਾਸ਼ਨੀ ਗੁਲਾਬ
ਨਵਾਂ ਮਨੁੱਖ ਭੋਗ ਤੇ ਅਨੰਦ ਦਾ ਅਨੰਤ ਬਾਬ ।
ਨਵਾਂ ਮਨੁੱਖ ਵਿਸ਼ਵ ਦਾ ਹੈ ਪਿਆਰ ਰੂਪ ਆਲ੍ਹਣਾ ।
ਨਵਾਂ ਮਨੁੱਖ ਤਾਰਿਆਂ, ਸਿਤਾਰਿਆਂ ਦਾ ਬਾਦਸ਼ਾਹ ।
ਨਵਾਂ ਮਨੁੱਖ ਉਹਵਸ਼ੀ ਦੇ ਜੋਬਨਾਂ ਦਾ ਸ਼ਹਿਨਸ਼ਾਹ ।
ਨਵੇਂ ਮਨੁੱਖ ਨਾਲ ਹੀ ਗਿਆਨ ਦੀ ਤੁਰੇਗੀ ਬਾਤ
ਨਵਾਂ ਮਨੁੱਖ ਨੂਰ ਦੀ ਕਰੋੜ ਰਾਂਗਲੀ ਹੈ ਰਾਤ !

## ਚੁੱਪ ਦੀ ਆਵਾਜ਼

ਚੁੱਪ ਦੀ ਆਵਾਜ਼ ਵਰਗਾ
ਗੀਤ ਨਾ ਸੱਚਾ ਕੋਈ
ਚੁੱਪ ਦੇ ਸੰਗੀਤ ਵਰਗਾ
ਸਾਜ਼ ਨਾ ਮਿੱਠਾ ਕੋਈ ।
ਲੱਖ ਗੱਲਾਂ ਆਖੀਆਂ ਤੂੰ
ਹਰਫ ਇਕ ਬੋਲੇ ਬਿਨਾ,
ਲੱਖ ਜਾਦੂ ਧੂੜ ਦਿਤੇ

ਹੇਠ ਇਕ ਖੋਲ੍ਹੇ ਬਿਨਾ ।
ਮੈਨ ਨਗ਼ਮਾ ਮੇਰੇ ਦਿਲ ਦਾ
ਤੇਰੇ ਨੈਣਾਂ ਦੀ ਕਹਾਣੀ
ਤੂੰ ਮੁਹੱਬਤ ਦੀ ਅਦੁੱਤੀ
ਹੋਂਦ ਦੀ ਤਸਵੀਰ ਜਾਣੀ !
ਤੇਰੇ ਵਰਗਾ ਹੁਸਨ ਤਾਂ
ਸਦੀਆਂ ਤੋਂ ਪਿਛੋਂ ਜੰਮਦਾ –
ਜੋ ਜਵਾਨੀ ਦੇ ਕਰੋੜਾਂ
ਜਜ਼ਬਿਆਂ ਨੂੰ ਰੰਗਦਾ ।
ਅੱਜ ਤੇਰੀ ਹਿੱਕ 'ਚੋਂ
ਮੈਂ ਰੂਪ ਦਾ ਹੜ੍ਹ ਪੀ ਲਿਆ
ਅੱਜ ਮੇਰੀ ਹੋਂਦ ਦਾ
ਤੂੰ ਵੇਗ ਸਗਲਾ ਜੀ ਲਿਆ।
ਚੁੱਪ ਵਰਗੀ ਕਿਸੇ ਵੀ
ਆਵਾਜ਼ ਵਿਚ ਸ਼ਕਤੀ ਨਹੀਂ ।
ਚੁੱਪ ਵਰਗੀ ਕਿਸੇ ਵੀ
ਮਹਿਬੂਬ ਦੀ ਭਗਤੀ ਨਹੀਂ ।

## ਸ਼ਬਦ

ਸ਼ਬਦ ਹੈ ਜੀਵਨ ਦੀ ਜੋਤੀ
ਸ਼ਬਦ ਹੈ ਦੁਨੀਆਂ ਦਾ ਸਾਰ
ਸ਼ਬਦ ਤੋਂ ਭਾਵਾਂ ਨੂੰ ਬਾਣੀ
ਸ਼ਬਦ ਤੋਂ ਖਿੜਦੀ ਬਹਾਰ ।
ਸ਼ਬਦ ਵਿਚ ਪਿਆਰਾਂ ਦਾ ਸਾਗਰ
ਸ਼ਬਦ ਵਿਚ ਜਜ਼ਬੇ ਦਾ ਵੇਗ
ਸ਼ਬਦ ਵਿਚ ਹਨ ਕੁੱੜ ਚੁੰਮਣ
ਸ਼ਬਦ ਵਿਚ ਵਸਲਾਂ ਦੀ ਤੇਗ਼ ।
ਸ਼ਬਦ ਤੋਂ ਬ੍ਰਹਿਮੰਡ ਰੌਸ਼ਨ

ਸ਼ਬਦ ਤੋਂ ਰੱਬ ਦਾ ਮਿਲਾਪ
ਸ਼ਬਦ ਵਿਚ ਹੈ ਤੜਪ ਅਜ਼ਲੀ
ਸ਼ਬਦ ਵਿਚ ਲਹਿਰਾਂ ਦਾ ਜਾਪ !
ਸ਼ਬਦ ਤੋਂ ਇਕਰਾਰ ਸੁੱਚੇ
ਸ਼ਬਦ ਤੋਂ ਮਹਿਫਲ 'ਚ ਰੰਗ
ਸ਼ਬਦ ਤੋਂ ਮੇਰੀ ਜਵਾਨੀ
ਸ਼ਬਦ ਤੋਂ ਜੀਵਨ-ਤਰੰਗ ।
ਸ਼ਬਦ ਤੋਂ ਸੰਸਾਰ ਰਚਨਾ
ਸ਼ਬਦ ਤੋਂ ਸਾਰੇ ਹੀ ਭੋਗ
ਸ਼ਬਦ ਤੋਂ ਹੈ ਉਪਜ ਸਗਲੀ
ਸ਼ਬਦ ਤੋਂ ਮਿਲਦੇ ਨੇ ਜੰਗ ।
ਸ਼ਬਦ ਹੈ ਸ਼ਕਤੀ ਦਾ ਪੁੱਤਰ
ਸ਼ਬਦ ਤਕਦੀਰਾਂ ਦਾ ਭੇਦ
ਸ਼ਬਦ ਹੈ ਕਰਨੀ ਦਾ ਸਮਾ
ਸ਼ਬਦ ਤੋਂ ਚਾਰੇ ਹੀ ਵੇਦ।
ਸ਼ਬਦ ਦੁਨੀਆਂ 'ਤੇ ਸਦੀਵੀ
ਸ਼ਬਦ ਤੋਂ ਸ੍ਰਿਸ਼ਟੀ ਹੈ ਖੀਵੀ
ਸ਼ਬਦ ਤੋਂ ਸਾਡੀ ਕਹਾਣੀ
ਸ਼ਬਦ ਕੁਲ ਜੁੱਗਾਂ ਦਾ ਹਾਣੀ।

## ਮੇਰਾ ਘਰ

ਮੇਰੇ ਘਰ ਅਜ ਫੇਰ ਸਵੇਰਾ
ਮੁੱਦਤ ਬਾਅਦ ਤੂੰ ਪਾਇਆ ਫੇਰਾ,
ਜਜ਼ਬੇ ਦਾ ਤੂਫ਼ਾਨ ਉਮਡਿਆ
ਵਸਲ ਰੀਝ ਵਿਚ ਚਾਰ ਚੁਫੇਰਾ ।
ਮੇਰੇ ਘਰ ਮਿੱਤਰਾਂ ਦੇ ਪੱਤਰ
ਜਾਂ ਸੰਸਾਰ ਦਾ ਸਾਹਿਤ ਵਡੇਰਾ,
ਬੀਤੀ ਹੋਈ ਉਮਰਾਂ ਦੇ ਫੋਟੋ

ਜਦ ਸੀ ਜਿੰਦ ਵਿਚ ਵੇਗ ਤਿਖੇਰਾ ।
ਮੇਰੇ ਘਰ ਰੰਗਾਂ ਦੀ ਰੌਣਕ
ਪਰ ਨਾ ਹੀਰੇ ਅਤੇ ਜਵਾਹਰ
ਏਥੇ ਕੁਝ ਰੀਝਾਂ ਦੇ ਟੋਟੇ
ਜਾਂ ਭਾਵਾਂ ਦੇ ਦੱਬੇ ਖੰਡਰ ।
ਅੱਜ ਮੈਂ ਤੇਰੇ ਚਰਨਾਂ ਦੇ ਵਿਚ
ਦੱਸ ਕਿਹੜੇ ਪੁਖਰਾਜ ਵਿਛਾਵਾਂ ?
ਤੇਰੇ ਰੂਪ ਦੀ ਅਮਰ-ਕਥੂਰੀ
ਕਿਹੜੀ ਮਹਿਕ ਦੇ ਨਾਲ ਨੁਹਾਵਾਂ ?

## ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਓਂ

ਤੂੰ ਕਿਉਂ ਨਾ ਮੈਨੂੰ ਉਦੋਂ ਮਿਲਿਉਂ
ਜਦ ਮਹਿਕ ਸੀ ਅੱਗ ਤੇ ਪਾਣੀ ਵਿਚ,
ਜਦ ਮਿੱਟੀ ਖੀਵੀ ਖੀਵੀ ਸੀ
ਇਕ ਵੇਗ ਅਮੁੱਕ ਕਹਾਣੀ ਵਿਚ
ਜਦ ਖੂਨ ਦਾ ਗੇੜ ਵੀ ਤਿੱਖਾ ਸੀ
ਤੇ ਭਾਵ ਕਰੋੜ ਜਵਾਨੀ ਵਿਚ ।
ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਉਂ ?

ਤੂੰ ਕਿਉਂ ਨਾ ਮੈਨੂੰ ਉਦੋਂ ਮਿਲਿਉਂ
ਜਦ ਅੰਗਾਂ ਵਿਚ ਸੀ ਸੇਕ ਜਿਹਾ
ਜਦ ਜੁੱਸਾ ਕੇਸਰ ਕੇਸਰ ਸੀ
ਤੇ ਦਿਲ-ਸਾਗਰ ਸੀ ਸੂਕ ਰਿਹਾ ।
ਜਦ ਜਜ਼ਬੇ ਸਨ ਅੰਗਿਆਰ ਬਣੇ
ਤੇ ਸਾਹਾਂ ਵਿਚ ਕਸਤੂਰੀ ਸੀ,
ਜਦ ਜਿਸਮ ਨਾ ਛਿਣ ਵੀ ਸੌਂਦਾ ਸੀ
ਤੇ ਜਾਮ 'ਚ ਅਗਨੀ ਦੂਹਰੀ ਸੀ ।

ਹਰ ਸੁਪਨਾ ਸੀ ਜਦ ਲਹਿਰ ਲਹਿਰ
ਤੇ ਲਹਿਰ ਲਹਿਰ ਸਨ ਰੰਗ ਜਹੇ
ਉਸ ਵੇਲੇ ਤੇਰੇ ਪਿਆਰ-ਬਾਣ
ਕਿਉਂ ਨਹੀਂ ਸਨ ਇੰਜ ਨਿਸ਼ੰਗ ਜਹੇ !
ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਉਂ ?

ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਉਂ
ਜਦ ਸ਼ਹਿਦ ਦੇ ਵਾਂਗ ਹਯਾਤੀ ਸੀ।
ਹਰ ਰਾਤ ਵਸਲ ਵਿਚ ਭਿੱਜੀ ਸੀ
ਹਰ ਮਿਲਣੀ ਇੱਤਰਾਂ ਨ੍ਹਾਤੀ ਸੀ।
ਜਦ ਹੁਸਨ ਤੇਰਾ ਚੰਦਰਮਾ ਸੀ-
ਤੇ ਆਪਾ ਮੇਰਾ ਸੂਰਜ ਸੀ,
ਇਹ ਜੀਵਨ ਸ਼ਕਤੀ ਸ਼ਕਤੀ ਸੀ
ਹਰ ਬੋਲ ਇਸ਼ਕ ਦਾ ਨੀਰਜ ਸੀ !
ਤੂੰ ਕਿਉਂ ਨਾ ਮੈਨੂੰ ਓਦੋਂ ਮਿਲਿਉਂ ?

# ਗਜ਼ਲਾਂ

## 1

ਰੰਗਾਂ ਦੇ ਨਾਲ ਭਰ ਗਿਆ ਜਾਮਾ ਸ਼ਬਾਬ ਦਾ ।
ਪੌਣਾਂ ਨੇ ਰਾਗ ਛੇੜਿਆ ਅਜ਼ਲੀ ਰਬਾਬ ਦਾ।

ਰਿਸ਼ਮਾਂ ਦੇ ਨਾਲ ਖੇਡਦੇ ਮੰਜ਼ਲ ਦੇ ਕੁਲ ਪੜਾਅ
ਆਓ ਅਸੀਂ ਵੀ ਮੱਲੀਏ ਦਰ ਇਨਕਲਾਬ ਦਾ।

ਜੀਵਨ ਅਮਲ ਤੋਂ ਸੱਖਣਾ ਮੁਰਦੇ ਸਮਾਨ ਹੈ।
ਮਰਦਾਂ ਦੇ ਵਾਂਗ ਸਦਾ ਹੀ ਜੀਣਾ ਪੰਜਾਬ ਦਾ ।

ਚੰਦਨ ਦੇ ਵਾਂਗ ਮਹਿਕੜਾ ਸਾਡਾ ਸੁਭਾਵ ਹੈ
ਬਿਰਤਾਂਤ ਪ੍ਰੀਤ ਕਹਿ ਰਹੀ ਸਜਣਾਂ ਦੀ ਤਾਬ ਦਾ ।

ਤੇਰੇ ਬਿਨਾ ਜਹਾਨ ਜਿਵੇਂ ਰੰਗਹੀਣ ਸ਼ਹਿਰ
ਤੇਰਾ ਬਦਨ ਗਵਾਹ ਹੈ ਹਰ ਸੰਨ-ਖ਼ਾਬ ਦਾ।

ਚਮਕੌਰ ਦੀ ਗੜ੍ਹੀ ਤੋਂ ਆਉ ਸਬਕ ਸਿਖੀਏ
ਸਾਨੀ ਕੋਈ ਨਹੀਂ ਹੈ ਇਸ ਸਾਕੇ ਦੀ ਆਬ ਦਾ।

ਲੰਘਣਾ ਹਮੇਸ਼ ਹੱਸਕੇ ਮੁਸ਼ਕਿਲ ਮੁਕਾਮ ਤੋਂ
ਪੀ ਲੈਣੀ ਵਿਹੁ ਸਮਝਕੇ ਪਿਆਲਾ ਸ਼ਜਾਬ ਦਾ ।

## 2

ਜੋਬਨ ਦਾ ਫੁੱਲ ਤੇਰੀਆਂ ਮਹਿਕਾਂ ਤੋਂ ਵਾਰ ਕੇ
ਅਜ ਤੇਰੇ ਦਰ ਤੇ ਆ ਗਏ ਜੰਨਤ ਵੀ ਹਾਰ ਕੇ ।

ਦਿਲ ਦੀ ਤੂੰ ਸੀਤ ਲਹਿਰ ਵਿਚ ਸੂਰਜ
ਉਤਾਰ ਕੇ ਮਾਰੂਥਲਾਂ 'ਚੋਂ ਗੁਜ਼ਰਿਆ ਅੰਮ੍ਰਿਤ ਫੁਹਾਰ ਕੇ ।

ਜੀਵਨ ਦੇ ਹਰ ਅਣੂ 'ਚ ਨੇ ਮਰਦੰਗ ਵਜ ਰ
ਹੁਣ ਕਿਸ ਤਰ੍ਹਾਂ ਨਾ ਨੱਚੀਏ ਜਜ਼ਬੇ ਉਭਾਰ ਕੇ ।

ਅਜ ਹੋਂਦ ਕੁਲ ਜਹਾਨ ਦੀ ਸੰਗੀਤ ਹੈ ਬਣੀ
ਕੁਲ ਕਾਇਨਾਤ ਗਾ ਰਹੀ ਜ਼ੁਲਫ਼ਾਂ ਖਿਲਾਰ ਕੇ ।

ਦਰਿਆ ਦੇ ਉਤੇ ਕਈ ਸੌ ਰੰਗਾਂ ਦੀ ਪੀਂਘ ਹੈ
ਹੂਰਾਂ ਨੇ ਜਿਸ ਨੂੰ ਝੂਟਿਆ ਬਸਤਰ ਉਤਾਰ ਕੇ ।

## 3

ਅੱਜ ਦਿਲ ਦੀ ਪੀੜ ਸਾਰੀ ਹੱਸਕੇ ਮੈਂ ਜਰ ਲਵਾਂ ।
ਅੱਜ ਤੇਰੇ ਪਿਆਰ ਦੀ ਮੈਂ ਹੋਂਦ ਸੁੱਚੀ ਵਰ ਲਵਾਂ।

ਅੱਜ ਤੇਰੇ ਰੂਪ ਵਾਲੀ ਝਾਲ ਝੱਲੀ ਨਾ ਗਈ
ਅੱਜ ਤੇਰੇ ਦਰ ਦੇ ਉਤੇ ਕੁੱਲ ਦੁਨੀਆਂ ਧਰ ਲਵਾਂ ।

ਅੱਜ ਫਿਰ ਮੈਂ ਡੀਕਣਾ ਹੈ ਹੁਸਨ ਦਾ ਸਾਰਾ ਸਮੁੰਦ
ਅੱਗ ਦਾ ਇਕ ਖੌਲਦਾ ਲਾਵਾ ਜਿਗਰ ਵਿਚ ਭਰ ਲਵਾਂ ।

ਅੱਜ ਤਾਂ ਤੂੰ ਉਰਵਸ਼ੀ ਨਾਲੋਂ ਵੀ ਵੱਧਕੇ ਸੁਹਲ ਹੈ
ਅੱਜ ਲੱਖਾਂ ਫੁੱਲ ਤੇਰੇ ਪੈਂਡਿਆਂ ਤੇ ਧਰ ਲਵਾਂ !

ਅੱਜ ਜੀਵਨ ਦੀ ਡਗਰ ਤੇ ਤਾਰਿਆਂ ਦੇ ਝੁੰਡ ਨੇ
ਅੱਜ ਤੇਰੇ ਵਾਂਗ ਕਿਉਂ ਨਾ ਨੂਰ ਦੇ ਵਸਤਰ ਲਵਾਂ !

## 4

ਜੁੱਗਾਂ ਤੋਂ ਝੂਲਦਾ ਰਿਹਾ ਪਰਚਮ ਹਨੇਰ ਦਾ
ਜੁੱਗਾਂ ਤੋਂ ਸਹਿਕਦਾ ਰਿਹਾ ਤਾਰਾ ਸਵੇਰ ਦਾ ।

ਜੁੱਗਾਂ ਤੋਂ ਤੇਰੇ ਹੁਸਨ ਦੀ ਚਰਚਾ ਬਣੀ ਰਹੀ
ਹੰਝੂ ਰਿਹਾ ਜੁਗਾਂ ਤੋਂ ਮੇਰਾ ਇਸ਼ਕ ਕਰਦਾ ।

ਜੁੱਗਾਂ ਦੀ ਰਾਤ ਵਿਚ ਰਹੇ ਕੰਡਿਆਂ ਨੂੰ ਹੂੰਝਦੇ
ਹਿੰਮਤ ਨੇ ਲਾਹ ਮਾਰਿਆ ਪਰਦਾ ਉਸ਼ੇਰ ਦਾ !

ਜੁੱਗਾਂ ਤੋਂ ਆਦਮੀ ਦੀ ਕਿਸੇ ਬਾਤ ਨਾ ਸੁਣੀ
ਕੀ ਮੁੱਲ ਪੈ ਸੀ ਸੱਕਣਾ ਮਿੱਟੀ ਦੇ ਢੇਰ ਦਾ ?

ਜੁੱਗਾਂ ਤੋਂ ਬਿਰਖ ਹੋਂਦ ਦਾ ਪਤਝੜ ਦੇ ਵਿਚ ਰਿਹਾ
ਜਿਸਨੂੰ ਨਹੀਂ ਸੀ ਗਿਆਨ ਕੁਝ ਰੁੱਤਾਂ ਦੇ ਫੇਰ ਦਾ !

## 5

ਸਾਥੋਂ ਲੰਘ ਗਿਆ ਜੋਬਨ ਬਹਾਰ ਵਾਂਗਰਾਂ ।
ਸਾਨੂੰ ਯਾਦ ਤੇਰੀ ਚੜ੍ਹੀ ਹੈ ਖੁਮਾਰ ਵਾਂਗਰਾਂ ।

ਤੇਰੇ ਬਾਝ ਅਸਾਂ ਜ਼ਿੰਦਗੀ ਗੁਜ਼ਾਰ ਹੀ ਲਈ
ਨਾਲੇ ਦੱਘਦੇ ਰਹੇ ਹਾਂ ਅੰਗਿਆਰ ਵਾਂਗਰਾਂ ।

ਤੇਰੇ ਮੇਲ ਨਾਲੋਂ ਬਿਰਹਾ ਦੀ ਚੀਸ ਦਾ ਮਜ਼ਾ,
ਤੇਰੇ ਮੇਲ ਪਿਛੋਂ ਬਿਰਹਾ ਹੈ ਖਾਰ ਵਾਂਗਰਾਂ।

ਸਾਡੀ ਦੋਖੀਆਂ ਦੇ ਨਾਲ ਵੀ ਅਜੀਬ ਸਾਂਝ ਹੈ
ਸਾਨੂੰ ਰਖਦੇ ਨੇ ਯਾਦ ਸਦਾ ਯਾਰ ਵਾਂਗਰਾਂ !

ਸਾਡੇ ਪਿਆਰ ਵਾਲੀ ਕਥਾ ਦੀ ਅਨੰਤ ਹੋਂਦ ਹੈ
ਰਹੀ ਵੱਧਦੀ ਇਹ ਲਹਿਰਾਂ ਦੇ ਉਭਾਰ ਵਾਂਗਰਾਂ ।

## 6

ਦਿਲ ਨਾਲ ਦਿਲ ਵਟਾ ਲਿਆ ਹੱਸਕੇ ਜਾਂ ਯਾਰ ਨਾਲ
ਇਉਂ ਜਾਪਿਆ ਜਿਉਂ ਮੁੱਢ ਤੋਂ ਨਾਤਾ ਬਹਾਰ ਨਾਲ ।

ਉਹਦੀ ਲਿਟਾ ਤੇ ਨੂਰ ਦੇ ਮੋਤੀ ਜੜੇ ਰਹੇ
ਉਹਦੇ ਲਬਾਂ ਤੇ ਕੰਬਣੀ ਮਹਿਕਾਂ ਦੇ ਭਾਰ ਨਾਲ ।

ਅਜ ਹੁਸਨ ਦਾ ਤੇ ਪ੍ਰੀਤ ਦਾ ਐਸਾ ਹੈ ਵਾਸਤਾ
ਜੀਕਨ ਸਮੁੰਦ ਝੂਮਦਾ ਚੰਨ ਦੇ ਉਭਾਰ ਨਾਲ ।

ਉਸਦੀ ਤੇ ਮੇਰੀ ਪ੍ਰੀਤ ਦੀ ਜੁੱਗਾਂ ਦੀ ਦਾਸਤਾਂ
ਅਜ ਸਿਦਕ ਪਰਖੇ ਜਾਣਗੇ ਖੰਡੇ ਦੀ ਧਾਰ ਨਾਲ।

ਜੀਵਨ ਦੀ ਕਹਿਕਸ਼ਾਂ ਦੇ ਵਿਚ ਲੱਖਾਂ ਹੀ ਨੱਗ ਜੜੇ
ਇਕ ਘਾਟ ਸੀ ਜੋ ਪੁਰ ਹੋਈ ਉਸਦੀ ਨੁਹਾਰ ਨਾਲ !

## 7

ਸੁਹਣੇ ਚਿਹਰਿਆਂ ਦੇ ਨਾਲ ਯਾਰੀ ਦਾ ਸਵਾਦ ਹੈ।
ਭੂਤੇ ਪਾਣੀਆਂ 'ਚ ਸਦਾ ਤਾਰੀ ਦਾ ਸਵਾਦ ਹੈ ।

ਇਹਨਾਂ ਧੂਣੀਆਂ ਰਮਾਈਆਂ ਸਾਰੀ ਉਮਰ ਬੈਠਕੇ
ਪੁੱਛੋ ਜੋਗੀਆਂ ਤੋਂ ਕਿਹਾ ਨਾਰੀ ਦਾ ਸਵਾਦ ਹੈ !

ਜਿਹੜੇ ਰੋੜਾਂ ਉਤੇ ਉਮਰ ਸਾਰੀ ਲੇਟਦੇ ਰਹੇ
ਉਹਨਾਂ ਲਈ ਫਿੱਕਾ ਸੇਜ ਪਿਆਰੀ ਦਾ ਸਵਾਦ ਹੈ।

ਸਾਨੂੰ ਇੱਕੋ ਜਿਹੀਆਂ ਜਿੱਤ ਹਾਰ ਦੀਆਂ ਸੂਲੀਆਂ
ਸਾਨੂੰ ਮਿੱਠਾ ਮਿੱਠਾ ਖੇਡ ਹਾਰੀ ਦਾ ਸਵਾਦ ਹੈ।

ਸਾਡੇ ਸੂਰਜੀ ਜਲਾਲ ਨਾਲ ਤੇਰਾ ਵਾਸਤਾ
ਇਹ ਤਾਂ ਅੱਗ ਨਾਲ ਤੇਰੀ ਯਾਰੀ ਦਾ ਸਵਾਦ ਹੈ।

## 8

ਤੇਰੀ ਉਡੀਕ ਵਿਚ ਕਈ ਰੁੱਤਾਂ ਨੇ ਬੀਤੀਆਂ
ਤੇਰੇ ਬਗ਼ੈਰ ਕਹਿਰ ਵਿਚ ਜ਼ਹਿਰਾਂ ਨੇ ਪੀਤੀਆਂ ।

ਤੇਰੀ ਉਡੀਕ ਵਿਚ ਗਮਾਂ ਦੀ ਅਜਬ ਦਾਸਤਾਂ
ਤੇਰੇ ਬਗੈਰ ਮੇਰੀਆਂ ਪਲਕਾਂ ਨੇ ਸੀਤੀਆਂ।

ਤੇਰਾ ਸੀ ਮੇਲ ਅੱਗ ਤੇ ਮਹਿਕਾਂ ਦੀ ਦੋਸਤੀ
ਤੇਰੇ ਵਿਯੋਗ ਵਾਲੀਆਂ ਜ਼ਾਲਮ ਨੇ ਨੀਤੀਆਂ ।

ਤੇਰਾ ਜਹਾਨ ਧਰਤ ਤੇ ਅਦਭੁਤ ਹੈ ਕਹਿਕਸ਼ਾਂ
ਤੇਰੀ ਗਲੀ 'ਚ ਤਾਰਿਆਂ ਕਿਰਨਾਂ ਸੀ ਪੀਤੀਆਂ।

ਤੇਰੀ ਹੁਸੀਨ ਹੋਂਦ ਹੈ ਅੱਗ ਦੀ ਜਿਵੇਂ ਝਨਾਂ
ਅੱਜ ਤੋੜ ਦਈਏ ਜੁੱਗਾਂ ਤੋਂ' ਪ੍ਰਚਲਤ ਕੀਤੀਆਂ ।

## 9

ਲਹਿਰਾਂ ਨਾਲ ਰਹੇ ਖੇਡਦੇ ਉਮਰ ਸਾਰੀ

ਲਹਿਰਾਂ ਨਾਲ ਹੀ ਸਾਡੀਆਂ ਯਾਰੀਆਂ ਨੇ ।

ਅਸਾਂ ਇਸ਼ਕ ਦੇ ਅਗਨ ਸਰੋਵਰਾਂ ਵਿਚ
ਲੱਖਾਂ ਵਾਰ ਲਾਈਆਂ ਹੱਸ ਹੱਸ ਤਾਰੀਆਂ ਨੇ।

ਉਹ ਨੇ ਕੌਣ ਲੋਕੀ ਜਿਹੜੇ ਰਾਤ ਵੇਲੇ
ਰਹੇ ਸਹਿਮਦੇ ਹੁਸਨ ਦੇ ਸੇਕ ਕੋਲੋਂ ?

ਅਸਾਂ ਅੱਗ ਪੀਤੀ ਨਾਲੇ ਅੱਗ ਸੇਕੀ
ਅੱਗ ਨਾਲ ਲਾਈਆਂ ਧੁਰੋਂ ਯਾਰੀਆਂ ਨੇ ।

ਸਾਡੇ ਸੂਰਜੀ ਨੂਰ ਨੂੰ ਰਹੇ ਪੀਂਦੇ
ਤਾਰੇ ਲੱਖ ਜਵਾਨੀ ਦੀ ਕਹਿਕਸ਼ਾਂ ਦੇ,

ਸਾਡੇ ਨੂਰੀ ਗੁਲਾਬਾਂ ਦੇ ਕੋਲ ਦੇਖੋ
ਰੂਪ ਵੰਡਦੀਆਂ ਸੰਦਲੀ ਨਾਰੀਆਂ ਨੇ ।

ਆਸ਼ਿਕ ਲੋਕ ਜ਼ਮਾਨੇ ਨੂੰ ਬਦਲ ਦੇਂਦੇ
ਦੇਸ਼ ਕਾਲ ਦੀਆਂ ਹੱਦਾਂ ਚੀਰਦੇ ਨੇ,

ਹੁੰਦੀ ਕਵੀ ਦੀ ਹੋਂਦ ਪੈਗੰਬਰੀ ਹੈ
ਇਹਦੇ ਸ਼ਬਦ ਵਿਚ ਸ਼ਕਤੀਆਂ ਭਾਰੀਆਂ ਨੇ ।

ਮੈਂ ਇਕ ਅਣੂ ਪੰਜਾਬ ਦੇ ਸੁਹਜ ਦਾ ਹਾਂ
ਇਹਦੀ ਧਰਤ ਨੂੰ ਕੋਟ ਪ੍ਰਣਾਮ ਮੇਰਾ,

ਇਹਦੀ ਖ਼ਾਕ ਵਿਚ ਜਦੋਂ ਹੈ ਖ਼ਾਕ ਹੋਣਾ

ਉਦੋਂ ਹੋਣੀਆਂ ਬਖ਼ਸ਼ਿਸ਼ਾਂ ਸਾਰੀਆਂ ਨੇ !

## 10

ਫੁੱਲਾਂ ਵਾਂਗ ਬਣਾਏ ਕੁਦਰਤ, ਸੋਹਣੀਆਂ ਸੂਰਤਾਂ ਵਾਲੇ ਲੋਕ ।
ਇਸ ਨਗਰੀ ਦਾ ਨ੍ਹੇਰ ਹੂੰਝਦੇ ਚਾਨਣ ਦੇ ਮਤਵਾਲੇ ਲੋਕ ।

ਮਨ ਵੀ ਪਾਪੀ ਤਨ ਵੀ ਪਾਪੀ, ਮਹਿਕ ਵਿਹੂਣੇ ਲੱਖਾਂ ਨੇ
ਨਫ਼ਰਤ ਦਾ ਹਨ ਬੀਜ ਬੀਜਦੇ, ਕੁਝ ਧਰਤੀ ਦੇ ਛਾਲੇ ਲੋਕ ।

ਪਿਆਰ ਦਾ ਜਾਦੂ ਜੀਵਨ ਖੇੜਾ, ਏਸੇ ਨਾਲ ਮਹਿਕਦਾ ਵਿਹੜਾ,
ਦੁੱਖਾਂ ਦਾ ਹੈ ਇਕ ਦਾਰੂ, ਪ੍ਰੀਤਾਂ ਭਰੇ ਪਿਆਲੇ ਲੋਕ ।

ਮਰਦਾਂ ਦਾ ਸੰਸਾਰ ਨਿਆਰਾ, ਸੂਰਜ ਹੈ ਉਹਨਾਂ ਦਾ ਪਿਆਰਾ,
ਲੱਖਾਂ ਦੀ ਮੁਸਕਾਨ ਦੀ ਖ਼ਾਤਰ, ਵੰਡਦੇ ਫਿਰਨ ਉਜਾਲੇ ਲੋਕ ।

ਕੁਝ ਬੰਦੇ ਸਾਹਸ ਤੋਂ ਹੀਣੇ, ਦਾਗ਼ ਹੋਣ ਜਿਉਂ ਵਿਸ਼ਵ ਦੇ ਸੀਨੇ
ਲਹਿਰਾਂ ਦੇ ਵਿਚ ਗੀਟਿਆਂ ਵਾਂਗੂ ਖਾਂਦੇ ਫਿਰਨ ਉਛਾਲੇ ਲੋਕ !

# ਗੀਤ

## 1

ਸਾਡੀ ਮਹਿਕਾਂ ਦੀ ਝਨਾਂ ਨਾਲ
ਜੁੱਗਾਂ ਤੋਂ ਹੈ ਯਾਰੀ
ਅਸਾਂ ਪੀਤੀਆਂ ਸੁਗੰਧਾਂ
ਸਾਨੂੰ ਚੜ੍ਹੀ ਹੈ ਖ਼ੁਮਾਰੀ ।
ਅਸੀਂ ਕਦੀ ਨਾ ਜਵਾਨੀ ਤਾਈਂ
ਮਾਣ ਮਾਣ ਥੱਕੇ-
ਅਸਾਂ ਹੁਸਨ ਹੰਢਾਇਆ
ਅਸੀਂ ਸੂਰਜਾਂ ਦੇ ਸੱਕੇ !
ਅਸਾਂ ਗਗਨ ਸਰੋਵਰਾਂ 'ਚ
ਲਾਈ ਹੱਸ ਤਾਰੀ
ਸਾਡੀ ਮਹਿਕਾਂ ਦੀ ਝਨਾਂ ਨਾਲ
ਜੁੱਗਾਂ ਤੋਂ ਹੈ ਯਾਰੀ ।

ਸਾਡੇ ਰੰਗ ਨੇ ਅਨੂਪ
ਨਾਲੇ ਅੰਗ ਨੇ ਸੁਜਾਨ,
ਅਸਾਂ ਆਪੇ ਵਿਚ ਭਰੇ ਹੋਏ
ਗੀਤ ਨੇ ਮਹਾਨ ।
ਅਸਾਂ ਰੂਪ ਦੇ ਤੂਫ਼ਾਨ ਵਿਚ
ਲਾਈ ਹੱਸ ਤਾਰੀ !
ਸਾਡੀ ਮਹਿਕਾਂ ਦੀ ਝਨਾਂ ਨਾਲ
ਜੁੱਗਾਂ ਤੋਂ ਹੈ ਯਾਰੀ ।

## 2

ਆਓ ਸੂਰਜਾਂ ਨੂੰ ਲਈਏ ਬਾਹਾਂ ਵਿਚ ਸੋਹਣਿਉਂ
ਆਓ ਸੁਹਜ ਨੂੰ ਵਿਛਾਈਏ ਰਾਹਾਂ ਵਿਚ ਸੋਹਣਿਉਂ ।

ਆਓ ਮਹਿਕਾਂ ਨਾਲ ਭਰੀਏ ਜਹਾਨ ਆਪਣਾ
ਆਓ ਨੂਰਾਂ ਨਾਲ ਲਿਪੀਏ ਮਕਾਨ ਆਪਣਾ !

ਹੋਵੇ ਅੱਗ ਅਤੇ ਰਸ ਸਾਹਾਂ ਵਿਚ ਸੋਹਣਿਉਂ
ਆਓ ਸੂਰਜਾਂ ਨੂੰ ਲਈਏ ਬਾਹਾਂ ਵਿਚ ਸੋਹਣਿਉਂ ।

ਆਓ ਹੱਸ ਹੱਸ ਅੱਜ ਕਹਿਕਸ਼ਾਂ ਨੂੰ ਝੂਟੀਏ
ਆਓ ਨੱਚ ਨੱਚ ਰਸਾਂ ਦੇ ਸਮੁੰਦ ਵੀਟੀਏ

ਹੋਵੇ ਚੰਨ ਦੀ ਉਮੰਗ ਭਾਵਾਂ ਵਿਚ ਸੋਹਣਿਉਂ
ਆਓ ਸੂਰਜਾਂ ਨੂੰ ਲਈਏ ਬਾਹਾਂ ਵਿਚ ਸੋਹਣਿਉਂ !

## 3

ਸਾਨੂੰ ਲਹਿਰਾਂ ਨਾਲ ਖੇਡਦੀ ਜਵਾਨੀ ਚਾਹੀਦੀ
ਸਾਨੂੰ ਸੇਜ ਉਤੇ ਮੌਜ ਮਸਤਾਨੀ ਚਾਹੀਦੀ !

ਕਿਹੜੀ ਅੱਗ ਜਿਹੜੀ ਅੱਜ ਸਾਡੇ ਹਾਣ ਦਿੱਸਦੀ ?

ਕਿਹੜੀ ਕਲੀ ਜਿਹੜੀ ਫੁੱਲਾਂ ਤੋਂ ਮਹਾਨ ਦਿੱਸਦੀ ?
ਸਾਨੂੰ ਨਦੀ ਅਜ ਕਹਿਰ ਦੀ ਤੂਫਾਨੀ ਚਾਹੀਦੀ !

ਸਾਡੀ ਜਿੰਦ ਵਿਚ ਅਜ ਨੇ ਤਰੰਗਾਂ ਨੱਚੀਆਂ
ਸਾਡੇ ਭਾਵਾਂ ਵਿਚ ਸੁੱਤੀਆਂ ਉਮੰਗਾਂ ਨੱਚੀਆਂ
ਸਾਨੂੰ ਅਕਲਾਂ ਤੋਂ ਵੱਧ ਹੈ ਨਦਾਨੀ ਚਾਹੀਦੀ
ਸਾਨੂੰ ਲਹਿਰਾਂ ਨਾਲ ਖੇਡਦੀ ਜਵਾਨੀ ਚਾਹੀਦੀ !

## 4

ਅਸੀਂ ਵਾਰਿਸਸ਼ਾਹ ਦੇ ਦਰ ਉਤੇ
ਇਕ ਰਿਸ਼ਮ ਸਾਂਝ ਦੀ ਮੰਗਦੇ ਹਾਂ !
ਅਸੀਂ ਵੰਡ ਦੇ ਚੀਰ ਨੂੰ ਭੁੱਲ ਜਾਈਏ
ਇਕ ਸਾਂਝੀ ਸਭਿੱਤਾ ਅੰਗਦੇ ਹਾਂ !!
ਇਹ ਸਭਿਆਚਾਰ ਪ੍ਰੀਤਾਂ ਦਾ
ਨਹੀਂ ਬੂਸੀਆਂ ਹੋਈਆਂ ਰੀਤਾਂ ਦਾ,
ਇਹ ਚੜ੍ਹਤ ਹੈ ਸਦਾ ਜਵਾਨੀ ਦੀ
ਪੰਜ ਦਰਿਆਵਾਂ ਦੇ ਪਾਣੀ ਦੀ।
ਅਸੀਂ ਹੀਰ ਦੀ ਅਮਰ ਕਹਾਣੀ ਨੂੰ
ਅਜ ਹੰਝੂਆਂ ਦੇ ਵਿਚ ਰੰਗਦੇ ਹਾਂ !
ਅਸੀਂ ਵਾਰਿਸਸ਼ਾਹ ਦੇ ਦਰ ਉਤੇ
ਪ੍ਰੀਤਾਂ ਦੀ ਭਿਖਿਆ ਮੰਗਦੇ ਹਾਂ !

ਇਕ ਜੁਗ ਰੋਮਾਂਚਿਕ ਬੀਤ ਗਿਆ
ਹੁਣ ਲਹਿਰ ਯਥਾਰਥ ਦੀ ਛਾਈ,
ਅਸੀਂ ਵੰਝਲੀ ਦੇ ਸੰਗੀਤ ਅੰਦਰ
ਕਿਉਂ ਦਿਲ ਦੀ ਦੁਨੀਆਂ ਰੰਗਦੇ ਹਾਂ ?

ਅਸੀਂ ਵਾਰਿਸਸ਼ਾਹ ਦੇ ਦਰ ਉਤੇ
ਅਜ ਖੈਰ ਕਾਵਿ ਦੀ ਮੰਗਦੇ ਹਾਂ !

## 5

ਬਾਗਾਂ ਵਿਚ ਰਹਿਣ ਵਾਲਿਉ
ਅਸਾਂ ਅਗਨੀ ਦਾ ਫੁੱਲ ਹੈ ਹੰਢਾਉਣਾ !
ਸੋਚਾਂ ਵਿਚ ਵਹਿਣ ਵਾਲਿਉ
ਅਸਾਂ ਹੁਸਨਾਂ ਦੀ ਅੱਗ ਨੂੰ ਭਖਾਉਣਾ ।
ਜਿਉਂ ਜਿਉਂ ਹੈ ਜਵਾਨੀ ਲੰਘਦੀ
ਅਸਾਂ ਰਜ ਰਜ ਪੀਤੀਆਂ ਸ਼ਰਾਰਾਂ
ਹੁਸਨਾਂ ਨੂੰ ਡੀਕ ਲਾ ਲਈ
ਅਸਾਂ ਛੇੜੀਆਂ ਅਨੰਤ ਰਬਾਬਾਂ ।
ਤਾਰਿਆਂ ਦੀ ਹੋਂਦ ਡੀਕਣੀ
ਅਸਾਂ ਬੂਟਾ ਹੈ ਸੁਗੰਧੀਆਂ ਦਾ ਲਾਉਣਾ
ਬਾਗਾਂ ਵਿਚ ਰਹਿਣ ਵਾਲਿਉ
ਅਸਾਂ ਅਗਨੀ ਦਾ ਫੁੱਲ ਹੈ ਹੰਢਾਉਣਾ !

## 6

ਆ ਨੱਚੀਏ ਦਿਲ ਦੇ ਸਾਜ਼ ਉੱਤੇ
ਤੇ ਗਾਈਏ ਸਾਰੀ ਉਮਰ ਕੁੜੇ,
ਅਜ ਤਾਰੇ ਗਾਉਂਦੇ ਗੀਤ ਮਿਰਾ
ਇਹ ਵੀ ਨੇ ਸਭ ਬੇਸਬਰ ਕੁੜੇ !

ਆ ਲਹਿਰਾਂ ਦੇ ਵਿਚ ਠਿਲ੍ਹ ਪਈਏ
ਕੰਵਲਾਂ ਦੇ ਵਾਕੁਰ ਖਿਲ ਪਈਏ
ਸੂਰਜ ਤੋਂ ਹੋ ਕੇ ਨੂਰ ਨੂਰ ਨ੍ਹੇਰੇ
ਦੀ ਲਈਏ ਖ਼ਬਰ ਕੁੜੇ !
ਸਾਡਾ ਪਿਆਰ ਜੁੱਗਾਂ ਦਾ ਹਾਣੀ ਹੈ
ਅਸਾਂ ਪ੍ਰੀਤ ਰੱਜਕੇ ਮਾਣੀ ਹੈ
ਅਸਾਂ ਕਿਸੇ ਵੀ ਰਾਜੇ ਰਾਣੀ ਦਾ
ਨਹੀਂ ਜਿੰਦ ਤੇ ਝੱਲਿਆ ਜਬਰ ਕੁੜੇ ।
ਅਸਾਂ ਮਹਿਕ ਹੰਢਾਈ ਜੁੱਗਾਂ ਦੀ
ਅਸਾਂ ਅੱਗ ਕਮਾਈ ਜੁੱਗਾਂ ਦੀ
ਅਸਾਂ ਕਵਿਤਾ ਰਚਕੇ ਅਮਰ ਅਮਰ
ਹੈ ਕਾਲ ਦੀ ਖੋਦੀ ਕਬਰ ਕੁੜੇ !
ਆ ਨੱਚੀਏ ਦਿਲ ਦੇ ਸਾਜ਼ ਉੱਤੇ
ਤੇ ਗਾਈਏ ਸਾਰੀ ਉਮਰ ਕੁੜੇ !!

## 7

ਨੈਂ ਝਨਾਂ ਵਿਚ ਰੁੱਖ ਜੋ ਉਗਿਆ
ਉਹ ਲਹਿਰਾਂ ਦਾ ਹਾਣੀ ਹੋ
ਲੰਘ ਗਿਆ ਸੱਧਰਾਂ ਦੇ ਉਤੋਂ
ਕੁੱਲ ਸਮਿਆਂ ਦਾ ਪਾਣੀ ਹੋ !

ਅਸੀਂ ਪਿਆਸੇ ਰਹੇ ਰੂਪ ਦੇ
ਇਸ ਛਿਣ ਹੋਰ ਵੀ ਪਿਆਸ ਵੱਧੀ
ਸਾਡੇ ਕੋਲੋਂ ਲੰਘਦੀ ਜਾਵੇ
ਪਰੀਆਂ ਦੀ ਇਕ ਢਾਣੀ ਹੋ !!

ਦਿਲ ਦੀ ਦੁਨੀਆ ਵਿਚ ਬੇਚੈਨੀ

ਮਨ ਦਾ ਜੁਗਨੂੰ ਉੱਡ ਰਿਹਾ
ਭਰੇ ਬਜ਼ਾਰਾਂ ਵਿਚ ਉਦਾਸੀ
ਜੇ ਨਾ ਦਿੱਸਦਾ ਜਾਨੀ ਹੋ ।

ਚਾਰੇ ਕੂਟਾਂ ਘੁੰਮ ਵੇਖੀਆਂ
ਤਾਜ ਮਹੱਲ ਵੀ ਵੇਖ ਲਏ
ਨਾਰੀ-ਹੁਸਨ ਜਿਹਾ ਨਾ ਜੱਗ ਤੇ
ਹੁਸਨ ਹੋਰ ਲਾਸਾਨੀ ਹੋ !